SATJUG
1920 ਤੋਂ ਸਾਲ 99 ਵਾਂ

Price:Rs.5/-

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੦ ਮਾਘ ੨੦੭੫
29 Jan. To 12 Dec. 2019

ਜਿਲਦ 1
ਨੰਬਰ 1
Total Pages 48



ਸ੍ਰੀ ਸਤਿਗੁਰੂ ਰਾਮ ਜੀ ਦੇ ਪ੍ਰਕਾਸ਼ ਪੁਰਬ
ਨੂੰ ਸਮਰਪਿਤ

# ਮਲੇਰਕੋਟਲੇ ਸ਼ਹੀਦੀ ਮੇਲੇ ਸਮੇਂ ਦੀਆਂ ਝਲਕੀਆਂ:



ਸ੍ਰੀ ਸਤਿਗੁਰੂ ਜੀ ਮੇਲੇ ਦੌਰਾਨ ਦਰਸ਼ਨ ਦਿੰਦੇ ਹੋਏ।





ਸ੍ਰੀ ਮਾਤਾ ਗੁਰਸ਼ਰਨ ਕੌਰ ਜੀ ਪ੍ਰਸ਼ਾਦਿਆ ਦੀ ਸੇਵਾ ਕਰਦੇ ਹੋਏ।



ਮੇਲੇ ਦੌਰਾਨ ਬੀਬੀਆਂ ਭਾਂਡਿਆਂ ਦੀ ਸੇਵਾ ਕਰਦੇ ਹੋਏ।



ਮੇਲੇ ਵਿੱਚ ਲਾਂਗਰੀ ਸਿੰਘ ਸੇਵਾ ਕਰਦੇ ਹੋਏ।

# ਸਤਿਜੁਗ

੧੬ ਤੋਂ ੩੦ ਮਾਘ ੨੦੭੫ ਬ੍ਰਿ.
29 ਜਨਵਰੀ ਤੋਂ 12 ਫਰਵਰੀ 2019 ਈ:
ਜਿਲਦ 1, ਵੀਰਵਾਰ ਨੰਬਰ 1

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

**Date of Publication: 23-1-2019,**
**Date of Posting: 24-25 Jan. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

# ਤਤਕਰਾ

* ਸੰਪਾਦਕੀ-- ਸਤਿਗੁਰੂ-ਆਗਮਨ
ਸੁਵਰਨ ਸਿੰਘ ਵਿਰਕ.....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................8

* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ........................8

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ .........................9

* ਸ੍ਰੀ ਸਤਿਗੁਰੂ ਰਾਮ ਸਿੰਘ ਜੀ........
ਦਵਿੰਦਰ ਸਿੰਘ ਗਿੱਲ 'ਜੀਆ ਨੱਥਾ' ...................12

* ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀ......
ਜਸਵੰਤ ਸਿੰਘ ਮਸਤ ............................16

* *Vegetarianism in Sikhism*
*Swaran Singh Sanehi .....................................22*

* *Thw Countless Facets of a Legend......*
*Avtar Kaur .............................................24*

* *A Saga Of Sri Satguru Jagjit Singh ji*
*Dr. Sharada Jayagovind................................26*

* ਕਾਵਿ ਕਿਆਰੀ ..................................................28

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ.......................30

* ਸੁੱਚੇ ਮੋਤੀ ..................................................32

* ਬੱਚਿਆਂ ਦਾ ਪੰਨਾ................................................34

* ਖ਼ਬਰਨਾਮਾ.......................................................35

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

## ਸਤਿਗੁਰੂ-ਆਗਮਨ

"ਭੈਣੀ-ਰਾਈਆਂ ਰਾਮ ਮ੍ਰਿਗੇਸ਼ ਪਰਕਾਸ਼ ਕਰ,
ਸੱਦਾਂ ਘਰ ਸੱਦਾ ਲੈ ਕੇ ਆਇਆ ਕਰਤਾਰ ਦਾ।
ਅਠਾਰਾਂ ਸੌ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ,
ਜੱਸਾ ਸਿੰਘ ਜੀ ਦਾ ਜੱਸ ਜੱਗ 'ਚ ਖਿਲਾਰਦਾ।
ਚੰਦ ਅਤੇ ਚੰਦਨੋਂ ਭੀ ਠੰਢਾ ਰੁੱਤ ਸੀਤ ਨਾਲੋਂ,
ਬਾਵਨ ਦੇ ਵਾਂਗ ਬਨ ਸਗਲਾ ਮਹਿਕਾਰਦਾ।
ਪਸ਼ੂ ਤੇ ਪ੍ਰੇਤੋਂ ਕੀਤੇ ਦੇਵ ਮ੍ਰਿਗੇਸ਼ ਕਵਿ,
ਕੀਤਾ ਸੀ ਦੀਦਾਰ ਜਿਸ ਚੀਨੀ ਅਸਵਾਰ ਦਾ।"

-ਭਾਈ ਨਿਰੰਜਨ ਸਿੰਘ 'ਮ੍ਰਿਗੇਸ਼'

ਪੰਜਾਬੀ ਕਾਵਿ ਪਰੰਪਰਾ ਵਿੱਚ ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ, ਵਲੀਆਂ, ਔਲਿਆਂਵਾਂ ਅਤੇ ਲੋਕ ਨਾਇਕਾਂ ਦਾ ਮੁੱਢ ਤੋਂ ਹੀ ਸਿਮਰਨ ਕੀਤਾ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਜਿਹਨਾਂ ਦਾ ਆਗਮਨ, ਰੁੱਤ-ਰਾਣੀ ਬਸੰਤ ਦੇ ਪ੍ਰਤੀਕ, ਬਸੰਤ ਪੰਚਮੀ ਵਾਲੇ ਦਿਨ, ਇੱਕ ਸੁੱਤ ਉਨੀਂਦੇ ਜਿਹੇ ਪਿੰਡ ਰਾਈਆਂ ਵਿਖੇ 3 ਫਰਵਰੀ 1816 ਈ. ਨੂੰ ਹੋਇਆ ਅਤੇ ਆਪ ਜੀ ਦਾ ਪਰਿਵਾਰ ਰਾਈਆਂ ਵਿੱਚੋਂ ਨਿਕਲ ਕੇ ਬੱਝੇ ਇੱਕ ਹੋਰ ਵੀ ਨਿੱਕੇ ਜਿਹੇ ਪਿੰਡ, ਭੈਣੀ ਆਲਾ ਵਿੱਚ ਆ ਵੱਸਿਆ ਸੀ, ਜਿੱਥੇ ਆਪ ਨੇ 12 ਅਪਰੈਲ 1857 ਵੈਸਾਖੀ ਦੇ ਦਿਨ ਸਿੱਖ ਪੁਨਰ ਜਾਗਰਣ ਅਤੇ ਅੰਗਰੇਜ਼ ਸਰਕਾਰ ਦੀ ਗ਼ੁਲਾਮੀ ਕੱਟਣ ਲਈ, ਨਾਮਧਾਰੀ ਸੰਤ ਖਾਲਸਾ ਅਤੇ ਕੂਕਾ-ਸੰਗਰਾਮ ਦਾ ਮੁੱਢ ਬੰਨ੍ਹਿਆ ਸੀ, ਉਹ ਪਿੰਡ ਛੇਤੀ ਹੀ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਵਿਸ਼ਵ ਵਖਿਆਤ ਹੋ ਗਿਆ। ਮਹਾਰਾਜਾ ਪਟਿਆਲਾ ਦੇ ਇੱਕ ਕੂਕਾ ਸਿੰਘ ਸਜੇ ਸੰਬੰਧੀ, ਸ੍ਰ. ਮੰਗਲ ਸਿੰਘ ਬਿਸ਼ਨਪੁਰਾ ਵੱਲੋਂ, ਇੱਕ ਚੀਨੀ ਘੋੜੀ ਸਤਿਗੁਰੂ ਜੀ ਨੂੰ ਸਵਾਰੀ ਲਈ ਭੇਟ ਹੋਣ ਸਦਕਾ, ਨਾਮਧਾਰੀ ਸੰਗਤ ਵਿੱਚ ਆਪ 'ਚੀਨੀ ਵਾਲੇ ਪਾਤਸ਼ਾਹ' ਦੇ ਨਾਮ ਨਾਲ ਅਤੇ ਪੰਜਾਬ ਦੇ ਆਮ ਲੋਕਾਂ ਵੱਲੋਂ ਜਿਸ ਸੰਬੋਧਨ ਨਾਲ ਆਦਿ ਗੁਰੂ ਨਾਨਕ ਜੀ ਨੂੰ 'ਬਾਬਾ ਨਾਨਕ' ਕਹਿ ਕੇ ਵਡਿਆਇਆ ਗਿਆ ਉਸੇ ਪਰੰਪਰਾ ਵਿੱਚ ਆਪ ਜੀ ਨੂੰ ਬਾਬਾ ਰਾਮ ਸਿੰਘ ਜੀ ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸੇ ਲਈ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਆਪ ਵੱਲੋਂ ਨਾਮ ਦੀ ਨਦੀ ਵਗਾ ਕੇ, ਰੋਹੀਆਂ ਨੂੰ ਸਰ-ਸਬਜ਼ ਕਰਨ ਦਾ ਜ਼ਿਕਰ, ਬਚਪਨ ਵਿੱਚ ਕੀਤੇ ਆਪ ਦੇ ਰੂਹਾਨੀ ਦਰਸ਼ਨਾਂ ਦੇ ਹਵਾਲੇ ਨਾਲ ਕਰਦੇ ਹਨ-

"ਸਿਖੀ ਬਾਗ ਖ਼ਿਜ਼ਾਂ ਜਦ ਗ੍ਰਸਿਆ, ਭਯੋ ਪੱਤ੍ਰ ਬਿਨ ਸਾਇਆ।

ਰੂਪ ਬਸੰਤੀ ਧਾਰ ਕੇ ਬਾਬਾ, ਦਿਨ ਬਸੰਤ ਦੇ ਆਇਆ।
ਰੋਹੀ ਵਿੱਚ ਗੁਲਜ਼ਾਰ ਲਗਾਈ, ਸਿਮਰਨ ਸਰਿਤ ਵਹਾ ਕੇ।
ਪ੍ਰੇਮੀ ਭੌਰ ਹੋਏ ਮਸਤਾਨੇ, ਪਾਣ ਘੁਮੇਰੀਆਂ ਆ ਕੇ।"

ਵੱਡੀਆਂ ਕੁਰਬਾਨੀਆਂ ਦੇ ਕੇ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਅਗੁਆਈ ਵਿੱਚ ਕਾਇਮ ਕੀਤਾ ਸਾਂਝਾ ਪੰਜਾਬੀ ਰਾਜ, ਸਿੱਖ ਹੁਕਮਰਾਨਾਂ ਵੱਲੋਂ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕਾਇਮ ਕੀਤੀ ਸਿੱਖ ਜੀਵਨ-ਜਾਚ, ਨਾਮ ਜਪਣ,ਕਿਰਤ ਕਰਨ, ਵੰਡ ਛਕਣ ਅਤੇ ਉਝੜੇ-ਥੁੜੇ, ਨਿਮਾਣੇ-ਨਿਤਾਣੇ ਦੀ ਧਿਰ ਬਣਨ ਦੀ ਖ਼ਾਲਸਈ ਪਰੰਪਰਾ ਤੋਂ ਮੂੰਹ ਫੇਰਨ ਸਦਕਾ, ਅੱਧੀ ਸਦੀ ਦੀ ਅਉਧ ਹੰਡਾ ਕੇ, ਸਮਾਪਤ ਹੋ ਗਿਆ। ਪੰਜਾਬੀ ਕਿੱਸਾ ਕਾਰੀ ਦੁਆਰਾ ਸਮੁੱਚਾ ਸਿੱਖ ਇਤਿਹਾਸ, ਕਾਵਿ ਬੱਧ ਕਰਨ ਵਾਲੇ, ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹੈੱਡ ਗਰੰਥੀ, ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ, ਸਤਿਗੁਰੂ ਜੀ ਦੇ ਆਗਮਨ, ਨੂਰਾਨੀ ਦਰਸ਼ਨ ਅਤੇ ਮਿਸ਼ਨ ਬਾਰੇ ਇਉਂ ਲਿਖ ਗਏ ਹਨ-

"ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ,
ਭੈਣੀ ਪਿੰਡ ਵਿਚ ਭਯੋ ਭਾਨ ਉਜਿਆਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿੱਖੀ ਸਾਖ,
ਸਿਦਕ ਭਰੋਸੇ ਤੋਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਵਜਾਇਆ ਸਾਰੇ ਜੱਗ ਤੇ ਨਗਾਰਾ ਸੀ।
ਗਾਰਾ ਸੀ ਕਰਤਾਰ ਸਿੰਘਾ ਬਾਬੇ ਰਾਮ ਸਿੰਘ ਜੀ ਨੇ,
ਕਾਮ ਕਰੋਧ ਲੋਭ ਮੋਹ ਦੁਸ਼ਟ ਹੰਕਾਰਾ ਸੀ।"

ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਸਥਾਪਨਾ ਤੋਂ ਬਾਅਦ ਪੰਜਾਬ ਵਿੱਚ ਪਰਚਾਰ ਦੌਰੇ ਸ਼ੁਰੂ ਕਰ ਦਿੱਤੇ। ਬਹੁਤ ਲੰਮੇ ਸਮੇਂ ਤੋਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੰਤੋਖ ਕੇ ਧਰਮਸ਼ਾਲਾਵਾਂ ਜਾਂ ਗੁਰਦੁਆਰਿਆਂ ਦੇ ਆਲਿਆਂ, ਅਲਮਾਰੀਆਂ ਵਿੱਚ ਰੱਖੀਆਂ ਹੋਈਆਂ ਸਨ। ਆਪ ਨੇ ਪਿੰਡ ਪਿੰਡ ਜਾ ਕੇ ਇਹਨਾਂ ਬੀੜਾਂ ਦੀ ਸੇਵਾ ਸੰਭਾਲ ਕਰਕੇ, ਅਦਬ ਨਾਲ ਗੁਰੂ ਘਰਾਂ ਵਿੱਚ ਪਰਕਾਸ਼ ਕਰਵਾਇਆ। ਹਰ ਪਿੰਡ ਵਿੱਚ ਇੱਕ ਗ੍ਰੰਥੀ ਸਿੰਘ ਨਿਯੁਕਤ ਕੀਤਾ। ਸੰਗਤ ਸੁਬਹਾ ਸ਼ਾਮ ਕੀਰਤਨ ਕਥਾ, ਨਾਮ ਸਿਮਰਨ ਲਈ ਗੁਰਦੁਆਰਿਆਂ ਵਿੱਚ ਜੁੜਨ ਲੱਗੀ। ਸਵਾ ਪਹਿਰ ਰਾਤ ਰਹਿੰਦੀ ਤੋਂ ਸਕੇਸ਼ ਇਸ਼ਨਾਨ ਕਰ ਨਾਮਧਾਰੀ ਭਜਨ ਬਾਣੀ ਵਿੱਚ ਜੁੱਟ ਜਾਂਦੇ। ਅਨੰਦ ਮਰਿਆਦਾ ਲਾਗੂ ਕਰਨ ਬਾਅਦ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ ਗਿਆ। ਇਸ ਸਮੇਂ ਸਾਰੇ ਪੰਜਾਬ ਨੂੰ ਬਾਈ ਭਾਗਾਂ ਵਿੱਚ ਵੰਡ ਕੇ, ਸੂਬਿਆਂ ਦੀ ਸਥਾਪਨਾ ਕੀਤੀ ਗਈ ਜੋ ਪੰਥਕ ਪਰਚਾਰ ਅਤੇ ਸੁਤੰਤਰਤਾ ਸੰਗਰਾਮ ਲਈ ਲੋਕਾਂ ਨੂੰ ਅੰਗਰੇਜ਼ ਸਰਕਾਰ ਨਾਲ ਕੋਈ ਵੀ ਨਾਤਾ ਨਾ ਰੱਖਣ ਅਤੇ ਨਾਲ ਹੀ ਬਰਤਾਨਵੀ ਮਿੱਲਾਂ ਵਿੱਚ ਬਣੇ ਮਾਲ ਦੀ ਵਰਤੋਂ ਕਰਨ ਤੋਂ ਰੋਕਦੇ ਸਨ। ਗਿਆਨੀ ਗਿਆਨ ਸਿੰਘ, ਪ੍ਰਸਿੱਧ ਸਿੱਖ ਇਤਿਹਾਸਕਾਰ ਨੇ 1889 ਈ. ਵਿੱਚ, ਪੰਥ ਪਰਕਾਸ਼ ਦੀ ਦੂਜੀ ਛਾਪ ਵਿੱਚ, ਕੂਕਿਆਂ ਬਾਰੇ 28 ਕਬਿੱਤ ਲਿਖ ਕੇ ਸੰਖੇਪ ਨਾਮਧਾਰੀ ਇਤਿਹਾਸ ਹੀ ਤਾਂ ਲਿਖ ਦਿੱਤਾ। ਉਹ ਲਿਖਦੇ ਹਨ ਕਿ ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਗਿਣਤੀ ਤਿੰਨ ਲੱਖ ਹੋ ਗਈ ਸੀ। ਅੰਗਰੇਜ਼ਾਂ ਦੇ ਕਬਜ਼ੇ ਸਮੇਂ ਪੰਜਾਬ ਦੀ ਸਮੁੱਚੀ ਆਬਾਦੀ 40 ਲੱਖ ਸੀ। ਇਸ ਵਿੱਚੋਂ ਸਿੱਖਾਂ ਦੀ ਗਿਣਤੀ, ਸਹਿਜਧਾਰੀ ਸਿੱਖਾਂ (ਹਿੰਦੂਆਂ) ਨੂੰ ਵੀ ਸ਼ਾਮਲ ਕਰਕੇ 15 ਲੱਖ ਤੋਂ ਵੱਧ ਨਹੀਂ ਸੀ। ਇਤਨੀ ਗਿਣਤੀ ਵਿੱਚੋਂ ਪੰਜਵਾਂ ਹਿੱਸਾ ਕੂਕੇ ਬਣ ਜਾਣੇ, ਸਤਿਗੁਰੂ ਜੀ ਦੀ ਕ੍ਰਿਸ਼ਮਾਈ ਸਖਸ਼ੀਅਤ ਅਤੇ ਉਸ ਸਮੇਂ ਪੰਜਾਬ ਦੇ ਲੋਕਾਂ ਦੇ ਵਿਭਿੰਨ ਵਰਗਾਂ ਵਿੱਚ ਬਿਦੇਸੀ ਹਕੂਮਤ ਵਿਰੁੱਧ, ਪ੍ਰਚੰਡ ਹੋ ਰਹੇ ਲੋਕ ਰੋਹ ਦਾ ਹੀ ਨਤੀਜਾ ਸੀ। ਗਿਆਨੀ ਜੀ ਦੇ ਮੁਤਾਬਿਕ ਪੰਜਾਬ ਤੋਂ ਬਾਹਰ ਹੋਰ ਦੇਸ਼ਾਂ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਲੋਕ ਕਲਿਆਣਕਾਰੀ ਉਪਦੇਸ਼ਾਂ ਦੀ ਧਮਕ ਸੁਣਾਈ ਦੇ ਰਹੀ ਸੀ। ਕੂਕਾ ਪਰਚਾਰ ਦਾ ਸਿਖਰ ਸੀ ਸਿੱਖਾਂ ਦੇ ਗਲਾਂ ਵਿੱਚੋਂ ਕੈਂਠੇ ਲੁਹਾਕੇ, ਢੋਲਕੀਆਂ ਦੀਆਂ ਰੱਸੀਆਂ ਪੁਆ ਦਿੱਤੀਆਂ। ਗਿਆਨੀ ਜੀ ਲਿਖਦੇ ਹਨ-

"ਦੇਸਨ ਮੈਂ ਧੂੰਮ ਮਾਚੀ ਸਾਚੀ ਇਮ ਤਾਂਹਿ ਤਬ, ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ, ਥੀਏ ਸਿਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹ ਨਿਆਈਂ, ਉਨ ਕੀ ਜ਼ੁਬਾਨ ਮੈਂ ਤਸੀਰ ਥਾਈ ਵੈਸ ਹੀ।

ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ, ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ।" (14)

ਗਿਆਨੀ ਜੀ ਦੇ ਮੁਤਾਬਿਕ ਨਾਮਧਾਰੀ ਸਿੰਘ, ਦਸਵੇਂ ਗੁਰੂ ਸਾਹਿਬ ਦੇ ਸਿਦਕੀ ਅਤੇ ਪੱਕੇ ਸਿੱਖ ਹਨ ਅਤੇ ਅੰਗਰੇਜ਼ਾਂ ਦੁਆਰਾ ਖੋਹਿਆ ਪੰਜਾਬ ਦਾ ਰਾਜ ਵਾਪਸ ਲੈਣਾ ਚਾਹੁੰਦੇ ਹਨ-

"ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭਿ, ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।" (28)

ਸਤਿਗੁਰੂ ਰਾਮ ਸਿੰਘ ਇੱਕੋ ਸਮੇਂ ਡੁੱਬ ਰਹੇ ਸਿੱਖੀ ਬੇੜੇ ਨੂੰ ਪਾਰ ਲਾਉਣ ਵਾਲੇ ਮਲਾਹ ਦੇ ਰੂਪ ਵਿੱਚ ਪੰਜਾਬ ਵਿੱਚ ਧਾਰਮਿਕ ਰਹਿਨੁਮਾ ਹਨ। ਬੇਸ਼ਕ ਉਹਨਾਂ ਨੂੰ ਨਾਮ ਦੀ ਦਾਤ 1841 ਈ. ਵਿੱਚ ਹੋਰ ਪੰਝੀ ਸਿੱਖ ਸੈਨਿਕਾਂ ਸਮੇਤ, ਹਜਰੋਂ ਸਾਹਿਬ (ਪੱਛਮੀ ਪੰਜਾਬ ਜ਼ਿਲ੍ਹਾ ਅਟਕ-ਕੈਂਬਲਪੁਰ) ਦੇ ਗੁਰੂ ਬਾਲਕ ਸਿੰਘ ਜੀ ਪਾਸੋਂ ਪ੍ਰਾਪਤ ਹੋਈ। ਗਿਆਨੀ ਗਿਆਨ ਸਿੰਘ ਹੋਰਾਂ ਅਨੁਸਾਰ ਗੁਰੂ ਬਾਲਕ ਸਿੰਘ ਜੀ ਨੇ ਸੈਨਿਕ ਰਾਮ ਸਿੰਘ ਹੋਰਾਂ ਵਿੱਚ, ਈਸ਼ਵਰ ਦੇ ਅਵਤਾਰੀ ਅੰਸ਼ ਵੇਖ ਕੇ ਉਹਨਾਂ ਨੂੰ ਨਾਮ ਦੀ ਦਾਤ ਦਿੱਤੀ-

"ਪੇਖ ਅਧਿਕਾਰੀ ਈਸ਼-ਅੰਸ਼ ਅਵਤਾਰੀ, ਤਬ ਬਾਲਕ ਮ੍ਰਿਗਾਰੀ ਦੀ ਨਾਮ ਖੁਦ ਥਾਇ ਕੈ।"

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਲਿਖਣ ਅਨੁਸਾਰ, ਆਪ ਜੀ ਨੂੰ ਗੁਰੂ ਬਾਲਕ ਸਿੰਘ ਜੀ ਨੇ ਗੁਰਤਾ ਅਰਪਣ ਕਰਕੇ ਨਾਮ ਦੇ ਖਜ਼ਾਨੇ ਦੀਆਂ ਕੁੰਜੀਆਂ ਸਉਂਪ ਦਿੱਤੀਆਂ। ਅਨੇਕ ਖੁਸ਼ੀਆਂ ਵੀ ਬਖਸ਼ੀਆਂ। ਇਹ ਵੀ ਦੱਸਿਆ ਕਿ ਫਰੰਗੀਆਂ ਦੀ ਨੀਅਤ ਚੰਗੀ ਨਹੀਂ, ਉਹ ਛੇਤੀ ਹੀ ਪੰਜਾਬ ਹੜੱਪ ਲੈਣਗੇ। ਤੁਸੀਂ ਆਪਣੀ ਸੰਗਤ ਸਾਜ ਕੇ ਬਿੱਲਿਆਂ ਵਿਰੁੱਧ ਵੀ ਲੋਹਾ ਲੈਣਾ ਹੋਏਗਾ। ਸਤਿਗੁਰੂ ਰਾਮ ਸਿੰਘ ਜੀ ਨਾਮ ਦੀ ਦਾਤ ਪ੍ਰਾਪਤ ਕਰਨ ਸਦਕਾ, ਗੁਰੂ ਬਾਲਕ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਪਰ ਆਪਣੇ ਇਸ਼ਟ ਦੇ ਤੌਰ ਤੇ ਉਹ ਹਮੇਸ਼ਾਂ ਸਰਬੰਸ ਦਾਨੀ ਦਸਮੇਸ਼ ਪਿਤਾ ਜੀ ਦਾ ਧਿਆਨ ਧਰਿਆ ਕਰਦੇ ਸਨ। ਸਿਰਦਾਰ ਕਪੂਰ ਸਿੰਘ ਆਈ. ਸੀ. ਐਸ., ਸਤਿਗੁਰੂ ਪਰਤਾਪ ਸਿੰਘ ਜੀ ਨਾਲ ਆਪਣੀਆਂ ਯਾਦਾਂ ਕੁਝ ਇਸ ਤਰ੍ਹਾਂ ਸਾਂਝੀਆਂ ਕਰਿਆ ਕਰਦੇ ਸਨ ਕਿ ਇੱਕ ਵੇਰ ਉਹਨਾਂ ਅਪਰੈਲ 1947 ਵਿੱਚ, ਮੈਨੂੰ ਲਾਹੌਰ ਵਿਖੇ ਮਿਲਣ ਸਮੇਂ ਦੱਸਿਆ ਸੀ- "ਸਤਿਗੁਰੂ ਰਾਮ ਸਿੰਘ ਜੀ ਜਦੋਂ ਕਦੀ ਭੀ ਕੋਈ ਬਚਨ ਸਿੰਘਾਂ ਪ੍ਰਤੀ ਕਰਦੇ ਸਨ ਤਾਂ ਇਉਂ ਕਿਹਾ ਕਰਦੇ ਸਨ, ਇਹ ਮੈਂ ਆਪਣੇ ਵੱਲੋਂ ਨਹੀਂ ਕਹਿੰਦਾ ਦਸਮ ਪਾਤਸ਼ਾਹ ਦਾ ਹੁਕਮ ਹੈ।" ਆਪਣੇ ਲੇਖ "ਬਾਬਾ ਰਾਮ ਸਿੰਘ ਕੂਕਾ" ਵਿੱਚ ਸਿਰਦਾਰ ਜੀ ਨੇ ਲਿਖਿਆ ਸੀ- "ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਵਾਰੀਖ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿਹਾਸਿਕ ਹਸਤੀ ਅਜਿਹੀ ਨਹੀਂ ਹੋਈ, ਜਿਸ ਦਾ ਮੰਤਵ ਜਾਤੀ ਤੇ ਜਨਤਾ ਦੇ ਆਤਮਿਕ ਤੌਰ ਤੇ, ਸਮਾਜਿਕ ਤੌਰ ਤੇ ਅਤੇ ਰਾਜਸੀ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜ ਕੇ, ਉਸ ਨੂੰ ਉਨਤੀ ਦੀ ਸਿਖਰ ਉੱਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਖ, ਭਾਰਤ ਵਰਸ਼ ਵਿੱਚ ਬਾਬਾ ਰਾਮ ਸਿੰਘ ਦੇ ਰੂਪ ਦਾ ਇਉਂ ਝਲਕਾਰਾ ਪੈਣਾ, ਕਿ ਉਹ ਬਾਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਦਾ ਪ੍ਰਤੀਬਿੰਬ ਜਾਂ ਅਕਸ ਹੀ ਸਮਝਣ, ਇੱਕ ਕੁਦਰਤੀ ਜਿਹੀ ਗੱਲ ਸੀ।"

ਭਾਈ ਧਿਆਨ ਸਿੰਘ ਕਾਦਰਾਬਾਦੀ ਦੇ 'ਸਤਿਗੁਰੂ ਬਿਲਾਸ-ਪਾਤਸ਼ਾਹੀ 12ਵੀਂ' ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਦਾ ਸਾਰ ਇਉਂ ਅੰਕਿਤ ਕੀਤਾ ਹੈ, ਜਿਸ ਨੂੰ ਕਪੂਰ ਸਿੰਘ ਹੋਰਾਂ ਆਪਣੇ ਉਪਰੋਕਤ ਲੇਖ ਵਿੱਚ ਵੀ ਕੋਟ ਕੀਤਾ ਹੈ-

"ਗੁਰ ਗ੍ਰੰਥ ਮੇ ਜੋ ਕੁਛ ਲਿਖਿਆ।
ਸੋਈ ਧਾਰੋ ਮਨ ਮੈ ਸਿਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ।
ਲੋਕ ਦੋਹਨ ਕੋ ਜੋ ਰਖਵਾਰੋ।"

ਸਤਿਗੁਰੂ ਜੀ ਦੀ ਸੰਗਠਨ ਯੋਗਤਾ ਕਮਾਲ ਦੀ ਸੀ। ਪੰਜਾਬ ਵਿੱਚ ਆਪਣੇ ਸੰਤ ਖਾਲਸੇ ਨੂੰ ਪੱਕੇ ਪੈਰੀਂ ਕਰਕੇ ਉਹਨਾਂ ਨੇ ਭਾਰਤ ਦੀਆਂ ਗਵਾਲੀਅਰ, ਬਨਾਰਸ, ਲਖਨਊ, ਹੈਦਰਾਬਾਦ ਆਦਿ ਉਹਨਾਂ ਰਿਆਸਤਾਂ ਨਾਲ ਵੀ ਸੰਪਰਕ ਸਾਧਿਆ ਅਤੇ ਗੁਆਂਢੀ ਦੇਸ਼ਾਂ ਨੈਪਾਲ, ਅਫਗਾਨਿਸਤਾਨ ਅਤੇ ਰੂਸ ਦੇ ਏਸ਼ੀਅਨ ਖਿੱਤੇ ਨਾਲ ਕੂਟਨੀਤਿਕ ਸੰਬੰਧ ਸਥਾਪਿਤ ਕੀਤੇ। ਜੰਮੂ ਕਸ਼ਮੀਰ ਵਿੱਚ ਕੂਕਾ ਰੈਜਮੈਂਟ ਖੜ੍ਹੀ ਕਰਵਾਕੇ, 250 ਤੱਕ ਕੂਕਿਆਂ ਨੂੰ ਹਥਿਆਰਬੰਦ ਕਰਵਾਕੇ ਸੈਨਿਕ ਸਿਖਲਾਈ ਦੁਆਈ। ਉਹ ਇੰਗਲੈਂਡ ਦੀ ਯੌਰਪੀਨ ਸਰਕਾਰ ਦੇ ਖਿਲਾਫ ਏਸ਼ੀਅਨ ਤਾਕਤਾਂ ਦਾ ਇੱਕ ਸਾਂਝਾ ਮੁਹਾਜ਼ ਬਣਾ ਕੇ, ਗੁਆਂਢੀ ਤਾਕਤਾਂ ਦੀ ਸੈਨਿਕ ਮੱਦਦ ਨਾਲ ਗੋਰਾਸ਼ਾਹੀ ਦਾ ਬਿਸਤਰਾ ਗੋਲ ਕਰਨਾ ਚਾਹੁੰਦੇ ਸਨ। ਸਤਿਗੁਰੂ ਜੀ ਨੂੰ ਕੂਕਾ ਅੰਦੋਲਨ ਦੀ ਵਧਦੀ ਸ਼ਕਤੀ ਤੋਂ ਇਹ ਅਹਿਸਾਸ ਹੋ ਰਿਹਾ ਸੀ ਕਿ ਉਹਨਾਂ ਦੀ ਲੋਕਪ੍ਰਿਅਤਾ ਤੋਂ ਘਬਰਾ ਕੇ ਵਿਦੇਸ਼ੀ ਸਰਕਾਰ ਕਿਸੇ ਵੀ ਸਮੇਂ ਉਹਨਾਂ ਨੂੰ ਹੱਥ

ਪਾ ਸਕਦੀ ਹੈ। ਉਹਨਾਂ ਤੋਂ ਪਹਿਲਾਂ ਦੇ ਪੰਜਾਬੀ ਦੇਸ਼ ਭਗਤਾਂ ਨੂੰ ਵੀ ਕੰਪਨੀ ਸਰਕਾਰ ਨੇ ਦੇਸ਼ ਬਦਰ ਕਰਨ ਦੀ ਸਜ਼ਾ ਸੁਣਾਈ ਸੀ। ਸਤਿਗੁਰੂ ਜੀ ਨੇ ਕਈ ਵੇਰ ਇਹ ਬਚਨ ਦੁਹਰਾਉਣਾ ਕਿ ਅਸਾਂ ਕੋਈ ਬੈਠ ਤੇ ਨਹੀਂ ਰਹਿਣਾ ਹੈ। ਬਿੱਲੇ ਸਾਨੂੰ ਹੱਥ ਜ਼ਰੂਰ ਪਾਉਣਗੇ। ਸੰਗਤ ਦੇ ਨਾਲ ਆਪ ਬਹੁਤ ਗੂੜ੍ਹੇ ਪ੍ਰੇਮ ਦੇ ਮਹੌਲ ਵਿੱਚ ਹੀ ਵਿਚਰਦੇ ਸਨ, ਇਸ ਲਈ ਜਦੋਂ ਰਾਜ ਨੂੰ ਖ਼ਤਰਾ ਸਮਝ ਕੇ ਆਪ ਨੂੰ ਸ੍ਰੀ ਭੈਣੀ ਸਾਹਿਬ ਤੋਂ ਜਲਾਵਤਨ ਕੀਤਾ ਜਾਣ ਲੱਗਾ ਤਾਂ ਭੈਣੀ ਸਾਹਿਬ ਦੇ ਉਸ ਕਰੁਣਾਮਈ ਦ੍ਰਿਸ਼ ਦਾ ਵਰਣਨ 'ਸੰਤ ਖ਼ਾਲਸਾ' ਦਾ ਕਿੱਸਾਕਾਰ ਭਾਈ ਹਰਨਾਮ ਸਿੰਘ ਬਗੁਲੀ ਕਲਾਂ ਇਉਂ ਕਰਦਾ ਹੈ-

"ਸੱਦਣ ਲਈ ਮਹਾਰਾਜ ਨੂੰ ਲੁਦਿਆਣੇ, ਹੁਕਮ ਭੇਜਤਾ ਤੇਜ ਤਰਾਰ ਸੁਣ ਲੌ॥
ਅੰਤਰ ਯਾਮਤਾ ਸੇ ਸਾਰਾ ਸਮਝ ਭਾਣਾ, ਸਤਿਗੁਰ ਪਹਿਲੇ ਹੀ ਜਾਣ ਨੂੰ ਤਿਆਰ ਸੁਣ ਲੌ॥
ਖੀਨ ਖਾਫ਼ ਜ਼ਰੀਆਂ ਵਾਲੇ ਬਾਦਸ਼ਾਹੀ, ਚੋਗੇ ਮਖਮਲੀ ਦੀਏ ਉਤਾਰ ਸੁਣ ਲੌ॥
ਆਸਣ ਬੰਨ੍ਹ ਕੇ ਸੀਸ ਤੇ ਜਿਸਮ ਉਤੇ, ਬੁੱਕਲ ਕੰਬਲੀ ਦੀ ਲਈ ਮਾਰ ਸੁਣ ਲੌ॥
ਛੱਡ ਗੈ ਕੋਤਲ ਘੋੜੇ ਖੜੇ ਸਤਿਗੁਰ, ਗੱਡੇ ਉਤੇ ਹੋ ਗਏ ਅਸਵਾਰ ਸੁਣ ਲੌ॥
ਚੱਲੇ ਚੱਲ ਰਾਜੇ ਜੋਗੀ ਜੰਗਲਾਂ ਨੂੰ, ਵੱਸਦੇ ਛੱਡ ਕੇ ਸ਼ਹਿਰ ਬਾਜ਼ਾਰ ਸੁਣ ਲੌ॥
ਚੱਲੇ ਵਿੱਛੜ ਜਦ ਸਤਿਗੁਰੂ ਸੰਗਤਾਂ ਤੋਂ, ਸਿੰਘ ਰੋਣ ਲੱਗੇ ਭੁੱਬਾਂ ਮਾਰ ਸੁਣ ਲੌ॥
ਜਦ ਦੇ ਗਏ ਆਏ ਨਹੀਂ ਅੱਜ ਤੋੜੀ, ਸੰਗਤ ਦਿਤੀ ਕਿਉਂ ਗੁਰਾਂ ਵਿਸਾਰ ਸੁਣ ਲੌ॥"

ਨਾਮਧਾਰੀਆਂ ਦੀਆਂ ਅਨੇਕ ਪੀੜ੍ਹੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਬਿਰਹਾ ਹੰਡਾਇਆ। ਇਹ ਬਿਰਹਾ ਉਹਨਾਂ ਦੀ ਜੀਵਨ ਪਹਿਚਾਣ ਬਣਿਆ ਰਿਹਾ ਹੈ ਕਿਉਂ ਜੁ ਉਹ ਤਾਂ-


"ਆਸਾਂ ਮੈਂ ਜਦ ਯਾਦ ਕਰੋਗੇ, ਕਹਿ ਮਾਹੀ ਤੁਰ ਚੱਲਿਆ।
ਕਹਿਰ ਵਿਛੋੜਾ ਜਰਨ ਨਾ ਹੋਸੀ, ਸੱਚ ਇਹੋ ਦਿਲ ਹੱਲਿਆ।"

ਇਸ ਪ੍ਰੇਮ ਦੇ ਬੱਧੇ 96 ਸਿੰਘ (ਸਮੇਤ ਦੋ ਬੀਬੀਆਂ) ਨਜ਼ਰਬੰਦੀ ਦੀ ਹਾਲਤ ਵਿੱਚ ਸਤਿਗੁਰੂ ਜੀ ਦੇ ਚੋਰੀ ਛਿਪੇ, ਭੇਸ ਬਦਲ ਕੇ, ਰੰਗੂਨ ਅਤੇ ਮਰਗੋਈ ਵਿਖੇ ਦਰਸ਼ਨ ਕਰਕੇ ਆਏ। ਆਪਣੀ ਵੇਦਨਾ ਪੱਤਰਾਂ ਦੁਆਰਾ ਉਹਨਾਂ ਤੱਕ ਪਹੁੰਚਾਈ ਅਤੇ ਹੁਕਮਨਾਮਿਆਂ ਦੇ ਰੂਪ ਵਿੱਚ ਆਪ ਦੇ ਕਿਰਪਾ ਪੱਤਰ ਲੈ ਕੇ ਆਏ। ਬੰਦੀ ਜੀਵਨ ਵਿੱਚ ਲਿਖੇ ਇਹਨਾਂ ਹੁਕਮਨਾਮਿਆਂ ਵਿੱਚੋਂ ਪੰਜਾਬ ਦੀ ਚੜ੍ਹਦੀ ਕਲਾ ਵਾਲੀ ਆਤਮਾ ਦੇ ਦਰਸ਼ਨ ਹੁੰਦੇ ਹਨ। ਆਪਣੀ ਮਿੱਟੀ ਦੇ ਕਣ ਕਣ ਨਾਲ ਮੋਹ, ਇਹਨਾਂ ਅੱਖਰਾਂ ਵਿੱਚੋਂ ਡੁੱਲ੍ਹ ਡੁੱਲ੍ਹ ਕੇ ਪੈਂਦਾ ਹੈ। ਅੰਗਰੇਜ਼ ਸਰਕਾਰ, ਉਸ ਦੇ ਚਾਟੜੇ ਰਾਜੇ ਰਜਵਾੜੇ, ਸੇਠ ਸ਼ਾਹੂਕਾਰ ਅਤੇ ਪੁਜਾਰੀ ਪੁਰੋਹਿਤ ਸ਼੍ਰੇਣੀਆਂ ਨੇ ਅੰਗਰੇਜ਼ੀ ਰਾਜ ਬਚਾਉਣ ਲਈ, ਕੂਕਾ ਸੰਗਰਾਮ ਨਾਲ ਜੋ ਧਰੋਹ ਕੀਤਾ ਹੈ, ਉਹਨਾਂ ਨੂੰ ਫਿਟਕਾਰਾਂ ਇਹਨਾਂ ਹੁਕਮਨਾਮਿਆਂ ਵਿੱਚ ਮਿਲਦੀਆਂ ਸਨ। ਲਿਤਾੜੀ, ਸਤਾਈ ਔਰਤ ਜਾਤੀ, ਗਰੀਬ ਕਿਰਤੀ ਕਾਮਿਆਂ ਅਤੇ ਸਾਧਨ ਹੀਣ ਨਿਆਸਰੇ ਸਿੱਖਾਂ ਪ੍ਰਤੀ ਜੋ ਆਪਣੀ ਸੰਪਤੀ ਅੰਦੋਲਨ ਨੂੰ ਭੇਟ ਕਰ ਚੁੱਕੇ ਹਨ, ਹਮਦਰਦੀ ਦੀ ਭਾਵਨਾ ਵੀ ਪ੍ਰਤੱਖ ਨਜ਼ਰ ਆਉਂਦੀ ਹੈ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦਾ ਪਰਚਾਰ ਪਰਸਾਰ ਵਧ ਚੜ੍ਹ ਕੇ ਕਰ ਰਹੇ ਹਨ। ਸਭ ਨੂੰ ਹਮੇਸ਼ਾਂ ਨਾਮ ਬਾਣੀ ਨਾਲ ਜੁੜਨ, ਸਾਦਾ ਜੀਵਨ ਜਾਚ, ਆਪਣੇ ਹੱਕ ਤੇ ਸ਼ਾਕਰ ਰਹਿਣ, ਬੇਗਾਨੇ ਹੱਕ ਤੋਂ ਪਰਹੇਜ਼ ਕਰਨ, ਵਿਹਲੇ ਨਾਂ ਰਹਿਣ, ਹਰ ਲੋੜਵੰਦ ਦੀ ਯਥਾ ਸੰਭਵ ਸਹਾਇਤਾ ਕਰਨ, ਮਿਲਜੁਲ ਕੇ ਰਹਿਣ ਦੀ ਸ਼ੁਭ ਸਿੱਖਿਆ ਦਿੰਦੇ ਹਨ।

ਪੰਜਾਬ ਦੀ ਜੁਆਨੀ ਨੂੰ ਨਸ਼ੇ ਦੇ ਚੁੰਗਲ ਵਿੱਚੋਂ ਮੁਕਤ ਕਰਨ ਲਈ, ਕੰਨਿਆ ਭਰੂਣ ਹੱਤਿਆ ਰੋਕਣ ਲਈ ਅਤੇ ਕਿਸਾਨ ਆਤਮ ਹੱਤਿਆਵਾਂ ਨੂੰ ਠੱਲ੍ਹ ਪਾਉਣ ਲਈ, ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਅੱਜ ਵੀ ਪਰਸੰਗਿਕ ਹਨ। ਉਹਨਾਂ ਦੀ ਯਾਦ ਸਾਡੀ ਧਰੋਹਰ ਹੈ।

**-ਸੁਵਰਨ ਸਿੰਘ ਵਿਰਕ**
**ਕਰੀਵਾਲਾ (ਸਰਸਾ)**
**ਸੰਪ:99963-71716**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸੋ ਭਾਈ ਮੈ ਤਾ ਕਿਸੇ ਨੁ ਕੁਛ ਨਹੀ ਆਖਦਾ, ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ। ਦੇਸ ਮੈ ਸਾਰੇ ਸਿਖਾ ਨੇ, ਸਾਧਾ ਨੇ ਵੈਰ ਕੀਤਾ ਪੁਜਕੇ ਵੇਕਾਰਨ। ਅਕਾਲ ਬੁੰਗੇ ਵਾਲਿਆ ਨੇ ਵੇਕਾਰਨ ਸਾਰੇ ਦੇਸ ਮੈ ਕਲਾਮ ਲਿਖਕੇ ਫੇਰ ਦਿਤੀ ਅਵਚਲਾ ਨਗਰ ਸਾਹਿਬ ਤਾਈ। ਸੋ ਕਲਾਮ ਕਹਿਣ ਵਾਲਿਆ ਦੇ, ਤੁਸੀ ਸਤਿ ਕਰਕੇ ਮੰਨਣਾ, ਦੁਹੀ ਜਹਾਨੀ ਮੁਹ ਕਾਲਾ ਅਰ ਰੂਈ ਸਿਆਹੁ ਹੋਵੇਗਾ।

ਭਾਈ ਸਾਡੇ ਤਾ ਕੁਛ ਬਸ ਨਹੀ, ਪਰਮੇਸਰ ਦੀ ਆਗਿਆ ਏਸ ਤ੍ਰਾ ਹੈ। ਨਹੀ ਤਾ ਤੁਸੀ ਤਾ ਆਪਣੇ ਸਰੀਰ ਹੋ, ਕੋਈ ਪੰਜਾਬੀ ਆਵੇ ਤਾ ਉਸਦੀ ਅਛੀ ਤਰਾ ਸੇਵਾ ਟਹਿਲ ਕਰੀਏ। ਭਾਈ ਗੁਰੂ ਜੀ ਦਾ ਹੁਕਮ ਥਾ 'ਬਹੁ ਦੁਖ ਪਾਵੈ ਖਾਲਸਾ' ਸੋ ਹੋਆ ਹੈ। ਰਛਿਆ ਦਾ ਬੀ ਹੁਕਮ ਹੈ ਗੁਰੂ ਸਾਹਿਬ ਦਾ। ਸੋ ਰਛਿਆ ਬੀ ਠੀਕ ਹੋਊਗੀ। ਈਸਰਾ ਦਾ ਕਹਿਣਾ ਸਤਿ ਹੁੰਦਾ ਹੈ, ਸਭ ਦਿਨ ਇਕੋ ਜੇਹੇ ਨਹੀ ਹੁੰਦੇ। ਅਗੇ ਭਾਈ ਗੁਰੂ ਦੀ ਗੁਰੂ ਜਾਣੇ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਮਨ ਨਾ ਵੀ ਟਿਕੇ ਤਾਂ ਵੀ ਨਾਮ ਜਪੋ

ਜਦੋਂ ਕਈ ਵੇਰਾਂ ਬਹੁਤ ਸਾਰੇ ਸਰੀਰਾਂ ਦੇ ਮਨ ਵਿਚ ਇਹ ਆਉਂਦਾ ਹੈ ਕਿ ਅਸੀਂ ਨਾਮ ਤਾਂ ਜਪਦੇ ਹਾਂ, ਪਰ ਸਾਡਾ ਧਿਆਨ ਤੇ ਲਗਦਾ ਨਹੀਂ। ਇਹ ਪਤਾ ਕਦੋਂ ਲੱਗਦਾ ਹੈ ਕਿ ਧਿਆਨ ਨਹੀਂ ਲੱਗਦਾ? ਜਦੋਂ ਨਾਮ ਜਪਣ ਲੱਗਦੇ ਹਾਂ। ਸਿਨੇਮੇ ਵਿੱਚ ਬੈਠਿਆਂ ਨਹੀਂ ਪਤਾ ਲੱਗਣਾ, ਨਿੰਦਿਆਂ ਚੁਗਲੀ ਕਰਦਿਆਂ ਨਹੀਂ ਪਤਾ ਲੱਗਣਾ। ਇਹ ਜਦੋਂ ਉਸ ਦਰਵਾਜੇ ਤੇ ਉਸ ਰਾਹ ਤੇ ਅਸੀਂ ਆ ਜਾਂਦੇ ਹਾਂ, ਉਦੋਂ ਪਤਾ ਲੱਗਦਾ ਹੈ ਕਿ ਮਨ ਨਹੀਂ ਟਿਕਦਾ। ਜਦੋਂ ਕਿਸੇ ਨੂੰ ਪਤਾ ਲੱਗ ਜਾਂਦਾ ਹੈ ਕਿ ਮੈਂ ਬਿਮਾਰ ਹਾਂ ਤਾਂ ਉਹ ਕੋਈ ਚਾਰਾ ਕਰ ਲੈਂਦਾ ਹੈ। ਇੱਕ ਇਹ ਵੀ ਗੱਲ ਹੈ ਕਿ ਨਾਮ ਸਿਮਰਨ ਵੇਲੇ ਜੇ ਮਨ ਨਹੀਂ ਵੀ ਲੱਗਦਾ, ਪਰ ਤਨ ਬੈਠਾ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਇੱਕ ਪ੍ਰਮਾਣ ਦੇਂਦੇ ਹੁੰਦੇ ਸਨ ਕਿ ਇੱਕ ਉਹ ਬਾਂਦਰ ਹੈ, ਜਿਹੜਾ ਖੁੱਲ੍ਹਾ ਫਿਰਦਾ ਹੈ, ਲੋਕਾਂ ਦੇ ਲੀੜੇ ਪਾੜਦਾ ਹੈ। ਪਰ ਇੱਕ ਬਾਂਦਰ ਹੈ, ਜੋ ਸੰਗਲੀ ਨਾਲ ਬੰਨਿਆ ਹੈ, ਬੈਠਦਾ ਤੇ ਟਿਕ ਕੇ ਉਹ ਵੀ ਨਹੀਂ। ਉਹ ਨੁਕਸਾਨ ਨਹੀਂ ਕਿਸੇ ਦਾ ਕਰ ਸਕਦਾ, ਉੱਥੇ ਕਿੱਲੇ ਦੇ ਦੁਆਲੇ ਹੀ ਰਹੇਗਾ ਉਹ। ਇੱਕ ਹੋਰ ਮਿਸਾਲ ਹੈ, ਤੁਸੀਂ ਪ੍ਰਸ਼ਾਦਾ ਛਕਦੇ ਹੋ, ਖੀਰ ਪੂੜੇ ਖਾਂਦੇ ਹੋ, ਹੋਰ ਨਮਕੀਨ-ਨਮਕੀਨ ਪਦਾਰਥ ਖਾਂਦੇ ਹੋ, ਜੇ ਤੁਹਾਡਾ ਧਿਆਨ ਵਿਚ ਹੈ ਤਾਂ ਤੁਹਾਨੂੰ ਸਵਾਦ ਦਾ ਪਤਾ ਲੱਗਦਾ ਹੈ। ਨਹੀਂ ਤੇ ਇਹ ਪਤਾ ਹੀ ਨਹੀਂ ਲੱਗਦਾ ਲੂਣ ਵੱਧ ਸੀ ਜਾਂ ਮਿੱਠਾ ਘੱਟ ਸੀ। ਸੁਆਦ ਦਾ ਜੇ ਨਹੀਂ ਵੀ ਪਤਾ ਲੱਗਿਆ, ਪਰ ਸਾਧ ਸੰਗਤ ਜੀ ਢਿੱਡ ਵਿਚ ਤੇ ਆਸਰਾ ਹੋ ਹੀ ਜਾਂਦਾ ਹੈ। ਇਸ ਲਈ ਕੋਸ਼ਿਸ਼ ਕਰੋ, ਨਾਮ ਸਿਮਰਨ ਕਰਨ ਵੇਲੇ-

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥
ਜੋ ਇਛੈ ਸੋਈ ਫਲੁ ਪਾਏ ॥

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਬਸੰਤ ਪੰਚਮੀ ਮੇਲਾ – ਦਿੱਲੀ – 2018**

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਅੱਜ ਦਿੱਲੀ ਦੀ ਸਾਧ ਸੰਗਤ ਤੇ ਆਪਾਂ ਸਾਰੇ ਰਲ ਕੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਏਹ ਪ੍ਰਕਾਸ਼ ਪੁਰਬ ਮਨਾ ਰਹੇ ਹਾਂ। ਮੈਂ ਸਭ ਤੋਂ ਪਹਿਲਾਂ ਇਹ ਕਹਿਣਾ ਚਾਹਾਂਗਾ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਜੋ ਵੀ ਕੀਤਾ, ਉਹ ਉਸੇ ਲੜੀ ਵਿਚ ਸੀ ਜੋ ਕਿਰਪਾ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਕੀਤੀ, ਜੋ ਕਿਰਪਾ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਕੀਤੀ, ਉਹੋ ਈ ਚੀਜ਼ ਉਸ ਹਾਲਾਤਾਂ ਦੇ ਮੁਤਾਬਿਕ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਅੱਗੇ ਲੈ ਕੇ ਗਏ। ਇਹ ਉਹੋ ਈ ਸਿੱਖੀ ਏ ਦਸਵੇਂ ਪਾਤਸ਼ਾਹ ਦੀ ਜਿਹੜੀ ਅੱਗੇ ਲੈ ਕੇ ਗਏ। ਅਸੀਂ ! ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਤੁਸੀਂ ਬੜੇ ਪੱਖ ਸੁਣੇ ਨੇ, ਬੜੇ ਵਕਤੇ ਬੋਲੇ ਨੇ, ਸਾਡੇ ਐਮ. ਐਲ. ਏ. ਸਾਹਿਬਾਨ ਆਏ ਨੇ, ਹਿਤ ਜੀ ਆਏ ਸੀ ਏਥੇ, ਡਿਪਟੀ ਸੀ. ਐਮ. ਸਾਹਿਬ ਆਏ ਸੀ, ਸਾਰਿਆਂ ਨੇ ਨਾਮਧਾਰੀਆਂ ਵਾਸਤੇ ਬਹੁਤ ਕੁਝ ਕਿਹਾ, ਪਰ ਸਾਡੀ ਇਹ ਅਰਦਾਸ ਏ, ਅਰੁ ਏਨਾਂ ਕੋਲ ਵੀ ਮੈਂ ਏਹ ਬੇਨਤੀ ਕਰਦਾਂ ਕਿ ਸਾਡੇ ਵਾਸਤੇ ਅਰਦਾਸ ਕਰਨ। ਅਸੀਂ ਉਸ ਯੋਗ ਬਣ ਸਕੀਏ ਕਿ ਜਿਹੜਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਨਾਮ ਅਸੀਂ ਉੱਚਾ ਕਰ ਸਕੀਏ। ਜੇ ਅਸੀ ਗੱਲ ਕਰੀਏ ਅਧਿਆਤਮਵਾਦ ਦੀ ਅਧਿਆਤਮਵਾਦ ਵਿਚ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਹੋ ਈ ਲੜੀ ਚਲਦਿਆਂ ਹੋਇਆਂ, ਗੁਰੂ ਨਾਨਕ ਦੇਵ ਦੀ ਲੜੀ ਚਲਦਿਆਂ ਹੋਇਆਂ ਸਾਨੂੰ ਸਾਰੇ ਵਹਿਮਾਂ ਤੋਂ ਭਰਮਾਂ ਤੋਂ ਕੱਢ ਕੇ ਇਕ ਅਕਾਲ ਪੁਰਖ ਨਾਲ ਜੋੜਿਆ। ਸਾਨੂੰ ਮੜ੍ਹੀਆਂ ਤੋਂ ਬਚਾ ਲਿਆ, ਸਾਨੂੰ ਜਗ੍ਹਾ-ਜਗ੍ਹਾ ਮੱਥਾ ਟੇਕਣ ਤੋਂ ਬਚਾ ਲਿਆ।ਮੇਰਾ ਖਿਆਲ ਹੁਣੇ ਈ ਹਿਤ ਜੀ ਵੀ ਇਹੋ ਈ ਗੱਲ ਕਰਦੇ ਗਏ ਨੇ, ਇਹ ਕੁਦਰਤੀ ਇਕ ਇਨਸਾਨੀ ਫਿਤਰਤ ਹੁੰਦੀ ਏ ਕਿ ਜਦੋਂ ਵੀ ਸਾਨੂੰ ਮੁਸ਼ਕਿਲ ਹੁੰਦੀ ਏ ਅਸੀਂ ਜਗ੍ਹਾ-ਜਗ੍ਹਾ ਜਾ ਕੇ ਮੰਨਤਾਂ ਮੰਨਦੇ ਹਾਂ, ਉਹ ਸਤਿਗੁਰੂ ਰਾਮ ਸਿੰਘ ਕਿਰਪਾ ਕਰਨ ਤੇ ਤਗੜੇ ਹੋਵੋ, ਵੱਡੇ ਹੋ ਕੇ ਇਕ ਨਾਲ ਜੁੜੋ, ਜਦੋਂ ਇਕ ਨਾਲ ਜੁੜ ਗਏ ਤਾਂ ਇਕ ਨਾਲ ਜੁੜ ਕੇ ਨਾ ਤੋਪਾਂ ਤੋਂ ਉਨ੍ਹਾਂ ਨੂੰ ਡਰ ਲੱਗਾ, ਨਾ ਉਨ੍ਹਾਂ ਨੂੰ ਫਾਂਸੀਆਂ ਤੋਂ ਡਰ ਲੱਗਾ, ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਭਾਸ਼ਣ ਵਿਚ ਇਹ ਆਉਂਦਾ ਹੈ ਕਿ ਉਨ੍ਹਾਂ ਦੀ ਆਤਮਾ ਏਨੀ ਉੱਚੀ ਹੋ ਚੁੱਕੀ ਸੀ। ਕਿਸੇ-ਕਿਸੇ ਵੇਲੇ ਮਨ ਵਿਚ ਆਉਂਦਾ ਹੈ ਮਰਣ ਨੂੰ ਤਾਂ ਹੋਰ ਵੀ ਬੜੇ ਮਰੇ ਪਰ ਇਹ ਸਿੱਖ ਜਿਹੜੇ ਸੀ ਇਹ ਧਰਮ ਵਾਸਤੇ ਮਰੇ, ਇਹ ਮਜ਼ਲੂਮਾਂ ਵਾਸਤੇ ਮਰੇ, ਇਹ ਕੌਮ ਵਾਸਤੇ ਮਰੇ, ਗਊ ਗਰੀਬ ਵਾਸਤੇ ਉਨ੍ਹਾਂ ਨੇ ਸ਼ਹੀਦੀਆਂ ਪਾਈਆਂ।

ਇਹ ਗੱਲ ਠੀਕ ਹੈ ਕਿ 1857 ਦੇ ਗ਼ਦਰ ਵਿਚ ਇਕ ਇਹ ਗੱਲ ਕਹੀ ਜਾਣ ਲੱਗੀ ਕਿ ਉਹਦੇ ਵਿਚ ਪੰਜਾਬੀਆਂ ਦਾ ਕੋਈ ਹਿੱਸਾ ਨਹੀਂ ਸੀ, ਪਰ ਇਕ ਉਹ ਲੀਹ ਚਲਾਈ ਸਤਿਗੁਰੂ ਰਾਮ ਸਿੰਘ ਜੀ ਨੇ, ਜਿਸ ਤੇ ਚਲਕੇ ਏਨੇਆਂ ਪੰਜਾਬੀਆਂ ਨੇ ਸ਼ਹਾਦਤਾਂ ਦਿੱਤੀਆਂ ਕਿ ਉਹ ਪੰਜਾਬੀਆਂ ਦੀਆਂ ਸਹਾਦਤਾਂ ਸ਼ਾਇਦ ਸਾਰਿਆਂ ਤੋਂ ਉੱਪਰ ਹੋ ਗਈਆਂ ਹੋਣ, ਜੇ ਅਸੀਂ ਏਥੇ ਗਿਣੀਏ, ਹਲਾਂਕਿ ਮੈਂ ਪੰਜਾਬੀਆਂ ਨੂੰ ਕਦੇ ਵੀ ਭਾਰਤ ਤੋਂ ਕੋਈ ਵੱਖਰਾ ਨਹੀਂ ਗਿਣਦਾ, ਅਸੀਂ ਸਾਰੇ ਪਹਿਲਾਂ ਭਾਰਤੀ ਹਾਂ, ਉਸ ਤੋਂ ਬਾਅਦ ਕੋਈ ਪੰਜਾਬੀ ਏ, ਕੋਈ ਤਮਲਿਆ ਨੇ, ਅਸੀਂ ਕਿਸੇ ਵੀ ਸਟੇਟ ਦੇ ਹਾਂ, ਸਾਨੂੰ ਉਹ ਹੋਣ ਦਾ ਵੀ ਮਾਣ ਏ, ਪਰ ਜੇ ਅਸੀਂ ਗਿਣਿਏ ਜਿਹੜੀ ਉਹ ਲਹਿਰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਚਲਾਈ, ਉਸ ਤੇ ਚਲਦਿਆਂ ਹੋਇਆਂ, ਜਿੰਨੀਆਂ ਸ਼ਹਾਦਤਾਂ ਪੰਜਾਬੀਆਂ ਨੇ ਦਿੱਤੀਆਂ, ਉਹ ਸਾਰੇ ਹੀ ਕਲੰਕ ਧੋ ਦਿੱਤੇ। ਉਸ ਤੇ ਚਲਦਿਆਂ ਹੋਇਆਂ ਹੀ ਜੇ ਮੈਂ ਕਹਾਂ ਉਸ ਲੜੀ ਤੇ ਚਲਦਿਆਂ ਹੋਇਆਂ ਹੀ ਇਸ ਦੇਸ਼ ਨੂੰ ਆਜ਼ਾਦੀ ਮਿਲੀ। ਇਹ ਜਦੋਂ ਵੀ ਸਤਿਗੁਰੂ ਸਾਹਿਬਾਨ ਇਸ ਰੂਪ ਵਿਚ, ਇਸ ਧਰਤੀ ਤੇ ਆਏ, ਜੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਆਏ ਉਨ੍ਹਾਂ ਨੇ ਵੀ ਜ਼ਾਲਿਮ ਦੇ ਵਿਰੁੱਧ ਉਹ ਲੜਾਈ ਲੜੀ। ਉਨ੍ਹਾਂ ਨੇ ਵੀ ਮੁਗ਼ਲਾਂ ਦੇ ਵਿਰੁੱਧ ਉਹ ਲੜਾਈ ਲੜੀ। ਜੇ ਦੇਖਿਆ ਜਾਵੇ ਤੇ ਉਸੇ ਲੜੀ ਤੋਂ ਹੀ ਚਲਦਿਆਂ ਹੋਇਆਂ ਮੁਗ਼ਲ ਸਲਤਨਤ ਇਸ ਦੇਸ਼ ਵਿਚੋਂ ਖਤਮ ਹੋਈ, ਮੈਂ ਉਹਦੇ ਨਾਲ ਹੀ ਜੋੜਦਾ ਹਾਂ ਕਿ ਜਦੋਂ ਇਥੇ ਅੰਗਰੇਜਾਂ ਦੇ ਵਿਰੁੱਧ ਉਹ ਲੜਾਈ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਸ਼ੁਰੂ ਕੀਤੀ ਉਸ ਤੋਂ ਬਾਅਦ ਭਾਵੇਂ ਕਰਤਾਰ ਸਿੰਘ ਸਰਾਭਾ ਜੀ ਹੋਏ, ਭਾਵੇਂ ਸ਼ਹੀਦ ਭਗਤ ਸਿੰਘ ਹੋਏ, ਰਾਜਗੁਰੂ, ਸੁਖਦੇਵ ਹੋਏ, ਅਨੇਕਾਂ ਸ਼ਹੀਦ ਹੋਏ ਤੇ ਇਸ ਦੇਸ਼ ਨੂੰ ਆਜ਼ਾਦੀ ਮਿਲੀ। ਜਿਸ ਆਜ਼ਾਦੀ ਦਾ ਓਂਜ ਬੇਸ਼ਕ ਕਿਸੇ ਵੀ ਰੂਪ 'ਚ ਉਸ ਆਜ਼ਾਦੀ ਦਾ ਨਿੱਘ ਮਾਣਦੇ ਹਾਂ, ਬੇਸ਼ਕ ਅਲੱਗ-ਅਲੱਗ ਪਾਰਟੀਆਂ ਦੀਆਂ ਲੜਾਈਆਂ ਨੇ, ਪਰ ਉਹ ਲੜਾਈਆਂ ਵੀ ਕਿਸੇ ਸਤਿਕਾਰ ਨਾਲ ਨੇ, ਕਿਸੇ ਮਾਣ ਨਾਲ ਨੇ, ਉਹ ਧੱਕਾ ਨਹੀਂ, ਅੱਜ ਉਸ ਆਜ਼ਾਦੀ ਦਾ ਅਸੀਂ ਆਨੰਦ ਮਾਣਦੇ ਹਾਂ ਤੇ ਜਦੋਂ ਆਨੰਦ ਮਾਣਦੇ ਹਾਂ ਅਸੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੂੰ ਯਾਦ ਕਰਦੇ ਹਾਂ। ਇਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਇਕ ਸਿਆਸੀ ਪੱਖ ਏ, ਸਮਾਜਿਕ ਪੱਖ ਬਾਰੇ ਤੁਸੀਂ ਗੱਲ ਕੀਤੀ ਏ ਜੋ ਇਸਤਰੀ ਜਾਤੀ ਤੇ ਪਰਉਪਕਾਰ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕੀਤਾ, ਉਸਦੀ ਕੋਈ ਦੂਸਰੀ ਮਿਸਾਲ ਨਹੀਂ ਮਿਲਦੀ। ਬਹੁਤ ਬਾਅਦ ਵਿਚ ਆ ਕੇ ਕਿਸੇ ਨੇ ਇਹ ਸੋਚਿਆ ਕਿ ਸ਼ਾਦੀ ਦੀ ਉਮਰ 18 ਸਾਲ ਜਾਂ 20 ਸਾਲ ਹੋਣੀ ਚਾਹੀਦੀ ਹੈ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਏਹ ਆਪਾਂ ਦੇਖੀਏ ਕਿ ਉਹ ਟਾਈਮ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਇਦ ਉਦੋਂ 7 ਕੁ ਸਾਲ ਦੀ

ਉਮਰ ਵਿਚ ਸ਼ਾਦੀ ਹੋਈ ਸੀ। ਉਦੋਂ ਸ਼ਾਦੀਆਂ ਕਿਸ ਉਮਰ ਵਿਚ ਹੁੰਦੀਆਂ ਸੀ ਜਦੋਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਇਹ ਹੁਕਮ ਕੀਤਾ ਕਿ 18 ਸਾਲ ਤੋਂ ਘੱਟ, ਇਕ ਹੁਕਮਨਾਮੇ ਵਿਚ ਹੁਕਮ ਕੀਤਾ ਕਿ 16 ਸਾਲ ਤੋਂ ਘੱਟ ਲੜਕੀ ਨਾ ਹੋਵੇ, ਫਿਰ ਇਕ ਹੁਕਮ ਨਾਮੇ ਵਿਚ ਹੁਕਮ ਕੀਤਾ ਕਿ 18 ਸਾਲ ਤੋਂ ਘੱਟ ਕੋਈ ਲੜਕੀ ਨਾ ਹੋਵੇ, 20 ਸਾਲ ਤੋਂ ਘੱਟ ਲੜਕਾ ਨਾ ਹੋਵੇ, ਤੇ ਉਦੋਂ ਕੋਈ ਇਹ ਚੀਜ਼ ਸੋਚ ਵੀ ਨਹੀਂ ਸਕਦਾ। ਜੇ ਅਸੀਂ ਇਹ ਦੇਖੀਏ ਜਿਨ੍ਹਾਂ ਦਿਨਾਂ ਵਿਚ ਸੱਚੇ ਪਾਤਸ਼ਾਹ ਨੇ ਵਿਧਵਾ ਵਿਆਹ ਕਰਨ ਦਾ ਹੁਕਮ ਕੀਤਾ, ਉਦੋਂ ਕੋਈ ਸੋਚ ਸਕਦਾ ਸੀ। ਮਾਫ਼ ਕਰਨਾ ਅੱਜ ਤੱਕ ਕਈ ਕਮਿਊਨਿਟੀਆਂ ਉਸ ਸਤੀ ਪ੍ਰਥਾ ਨੂੰ ਕਲੈਰੀ-ਫਾਈ ਕਰਦੀਆਂ ਨੇ, ਸਤੀ ਪ੍ਰਥਾ ਤੇ ਮਾਣ ਕਰਦੀਆਂ ਨੇ, ਉਸ ਗੱਲ ਦੀ ਸੰਗ ਨਹੀਂ ਮੰਨਦੀਆਂ ਕਿ ਜੇ ਸਮਾਜ 'ਚ ਕੋਈ ਬੁਰਾਈ ਏ ਉਹਨੂੰ ਹਟਾਉਣਾ ਚੰਗੀ ਗੱਲ ਏ ਨਾ ਕਿ ਅਸੀਂ ਉਸ ਪ੍ਰਥਾ ਤੇ ਮਾਣ ਕਰੀ ਜਾਈਏ, ਅੱਜ ਤੋਂ ਅਸੀਂ ਜੇ ਵੇਖ ਲਈਏ ਕਰੀਬ 200 ਸਾਲ ਹੋ ਗਏ ਨੇ ਉਸ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕਿਹਾ ਕਿ ਵਿਧਵਾ ਵਿਆਹ ਕਰੋ, ਕੋਈ ਵੀ ਬੀਬੀ ਵਿਧਵਾ ਨਹੀਂ ਰਹਿਣੀ ਚਾਹੀਦੀ ਔਰ ਧੰਨ ਉਹ ਸਿੱਖ ਨੇ ਜਿਨ੍ਹਾਂ ਨੇ ਇਹ ਹੁਕਮ ਇਸ ਤਰ੍ਹਾਂ ਮੰਨਿਆ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਭਾਸ਼ਣ ਵਿਚ ਆਉਂਦਾ ਹੈ ਕਿ ਪੁੱਤਰ ਲਾਵਾਂ ਪੜ੍ਹਦੇ ਨੇ ਤੇ ਉਨ੍ਹਾਂ ਦੇ ਜੋ ਮਾਤਾ ਜਾਂ ਪਿਤਾ ਦੀ ਦੂਸਰੀ ਸ਼ਾਦੀ ਹੋ ਰਹੀ ਹੁੰਦੀ ਏ। ਏਸ ਤਰ੍ਹਾਂ ਸਮਾਜ ਦੀ ਸ਼ਰਮ ਤੋਂ ਉੱਪਰ ਹੋ ਗਏ। ਜਦੋਂ ਤੋਂ ਤੁਸੀਂ ਗੁਰੂ ਨਾਲ ਜੁੜ ਗਏ, ਉਦੋਂ ਹੁਕਮ ਮੰਨਣ ਲੱਗਿਆਂ ਕੋਈ ਸ਼ਰਮ ਨਹੀਂ ਆਉਂਦੀ, ਕਿਸੇ ਨੂੰ ਕੋਈ ਸੰਗ ਨਹੀਂ ਆਉਂਦੀ, ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਮੰਨਿਆ।

ਅੰਗਰੇਜ਼ ਨੇ ਕਿਉਂ ਆਖਿਆ ਕਿ ਏਹ ਸਾਡੇ ਵਾਸਤੇ ਸਾਰਿਆਂ ਤੋਂ ਖਤਰਨਾਕ ਆਦਮੀ ਏ, ਏਸ ਕਰਕੇ ਆਖਿਆ ਕਿ ਇਕ ਦੇ ਹੁਕਮ ਵਿਚ ਚੱਲਣ ਵਾਲੇ ਕਈ ਗਿਣਤੀ ਵਿਚ ਆਪਾਂ ਚਾਰ ਲੱਖ, ਕੋਈ ਪੰਜ ਲੱਖ, ਕੋਈ ਸੱਤ ਲੱਖ ਗਿਣਤੀ ਆਪਾਂ ਕਰਦੇ ਹਾਂ, ਪਰ ਉਸ ਟਾਈਮ ਦੇ ਪੰਜਾਬ ਵਿਚ ਇਕ ਆਦਮੀ ਦੇ, ਇਕ ਸਤਿਗੁਰੂ ਦੇ ਹੁਕਮ ਵਿਚ ਚੱਲਣ ਵਾਲੇ ਲੱਖਾਂ ਵਿਚ ਸਿੱਖ ਸਨ। ਜਿਹੜੇ ਜਿੱਥੇ ਉਹ ਹੁਕਮ ਕਰਦੇ ਸੀ ਉਥੇ ਉਸੇ ਵੇਲੇ ਮਰਣ ਨੂੰ ਤਿਆਰ ਸੀ। ਉਨ੍ਹਾਂ ਨੂੰ ਫਾਂਸੀਆਂ ਤੋਂ ਡਰ ਨਹੀਂ ਸੀ ਲੱਗਦਾ, ਉਹ ਸਿਰਫ ਤੇ ਸਿਰਫ ਉਸ ਸੱਚ ਨਾਲ ਜੁੜੇ ਸੀ ਜੋ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਸੀ। ਮਰਣ ਤੋਂ ਕਿਨੂੰ ਡਰ ਨਹੀਂ ਲਗਦਾ, ਤੁਸੀਂ ਹੁਣੇ ਗੱਲ ਸੁਣੀ ਏ ਹਰ ਕੋਈ ਮਰਣ ਵਾਸਤੇ ਡਰਦਾ ਹਰ ਕੋਈ ਆਪਣੇ ਲਾਲਚ ਵਾਸਤੇ ਝੂਠ ਵੀ ਬੋਲਦਾ, ਜੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਕਰ ਦਿੱਤਾ ਅੰਮ੍ਰਿਤਸਰ ਵਾਲੇ ਸ਼ਹੀਦਾਂ ਨੂੰ ਕਿ 'ਬੀਜੇ ਕੋਈ ਹੋਰ ਤੇ ਵੱਡੇ ਕੋਈ ਹੋਰ' ਜੇ ਉਹ ਬੇਦੋਸ਼ੇ ਮਰਣਗੇ ਤਾਂ ਉਨ੍ਹਾਂ ਦਾ ਪਾਪ ਤੁਹਾਨੂੰ ਲੱਗੇਗਾ। ਸਿੰਘਾਂ ਨੇ ਜਾ ਕੇ ਆਪ ਆਪਣੇ ਆਪ ਨੂੰ ਪੇਸ਼ ਕੀਤਾ ਔਰ ਸ਼ਹੀਦੀਆਂ ਦਿੱਤੀਆਂ। ਇਸ ਦੇਸ਼ ਵਾਸਤੇ ਦਿੱਤੀਆਂ, ਗਊ ਵਾਸਤੇ ਦਿੱਤੀਆਂ ਔਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਵਾਸਤੇ ਓ ਸ਼ਹੀਦੀਆਂ ਦਿੱਤੀਆਂ। ਅੱਜ ਕਈ ਇਹ ਕਹਿ ਦਿੰਦੇ ਹਨ ਜੇ ਕਿ ਏ ਨਾਮਧਾਰੀ ਸਿੱਖ ਨਹੀਂ, ਸਾਨੂੰ ਕਿਸੇ ਸਰਟਿਫਿਕੇਟ ਦੀ ਲੋੜ ਨਹੀਂ, ਕਿ ਉਹ ਜਿਹੜੇ ਸਰਟੀਫਿਕੇਟ ਦਿੰਦੇ ਨੇ ਮੈਨੂੰ ਇਹ ਨਹੀਂ ਪਤਾ ਕਿ ਉਹ ਕਿੰਨੇ ਕੁ ਸਿੱਖ ਨੇ, ਪਰ ਉਹ ਸ਼ਹਾਦਤਾਂ ਨਾਮਧਾਰੀਆਂ ਨੇ ਉਸ ਦਰਬਾਰ ਸਾਹਿਬ ਦੀ ਪਵਿੱਤਰਤਾ ਵਾਸਤੇ ਦਿੱਤੀਆਂ ਅਰੁ ਸੱਚ ਦੇ ਨਾਲ ਜੁੜੇ, ਉਸ ਅੰਗਰੇਜ਼ ਦਾ ਤਖਤਾ ਹਿਲਾ ਕੇ ਰੱਖ ਦਿੱਤਾ। ਜਿੱਥੇ ਕਹਿੰਦੇ ਸੀ ਕਿ ਇਥੇ ਕਦੀ ਸੂਰਜ ਨਹੀਂ ਛਿਪਦਾ, ਜੇ ਰਾਜਨੀਤੀਕ ਗੱਲ ਕਰੀਏ ਉਦੋਂ ਕੋਈ ਸੋਚ ਸਕਦਾ ਸੀ ਕਿ ਨੇਪਾਲ ਨਾਲ ਸੰਬੰਧ ਬਣਾਉ, ਰਸ਼ੀਆ ਨਾਲ ਸੰਬੰਧ ਬਣਾਉ, ਜੰਮੂ-ਕਸ਼ਮੀਰ ਵਿਚ ਆਪਣੀ ਇਕ ਵੱਖਰੀ ਪਲਟਨ ਤਿਆਰ ਕਰੋ, ਜਿੱਥੋਂ ਤੱਕ ਦੂਰ-ਦਰਸ਼ਤਾ ਸੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੀ ਪਰ ਕਿਸ ਕਰਕੇ ਉਨ੍ਹਾਂ ਸਭ ਤੋਂ ਉੱਪਰ ਉਹ ਸਿੱਖੀ ਰੱਖੀ ਜਿਹੜੀ ਸਾਨੂੰ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਦਿੱਤੀ ਏ, ਜਿਹਦੇ ਵਿਚ ਉਨ੍ਹਾਂ ਇਕ ਨਾਲ ਜੋੜਿਆ ਏ, ਜਿਹਦੇ ਵਿਚ ਓਹਨਾਂ ਹੁਕਮ ਕੀਤਾ ਏ ਕਿ ਉਹ ਦੇਣ ਵਾਲਾ ਮਾਲਕ ਪ੍ਰਭੂ ਇਕ ਹੈ, ਹੋਰ ਵਹਿਮਾਂ-ਭਰਮਾਂ ਤੋਂ ਹਰ ਤਰ੍ਹਾਂ ਬਚ ਜਾਓ।ਮੈਂ ਇਸ ਕਰਕੇ ਗੱਲ ਦੁਹਰਾਂਦਾ ਹਾਂ ਕਿ ਅੱਜ ਵੀ ਅਸੀਂ ਕਈ ਵਾਰੀ ਜੇ ਮੁਸ਼ਕਿਲਾਂ ਆਉਂਦੀਆਂ ਨੇ, ਅਸੀਂ ਥਾਂ-ਥਾਂ ਜਾਂਦੇ ਹਾਂ, ਕਦੀ ਹੋਰ ਕਿਸੇ ਦੂਜੇ ਥਾਂ ਜਾਣ ਦੀ ਲੋੜ ਨਹੀਂ, ਓ ਜੋ ਦੇਣ ਵਾਲਾ ਏ। ਆਪਾਂ ਏਹ ਅਰਦਾਸ ਕਰਦੇ ਹਾਂ, ਇਕ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਵਿਚ ਆਉਂਦਾ ਹੈ ਕਿਤੇ ਧਿਆਨ ਨਾਲ ਸੁਣਿਆ ਹੋਵੇ ਸਾਡੇ ਸਾਹਮਣੇ ਕੋਈ ਕੰਧਾਂ ਉਡਾ ਲੈ ਜਾਵੇ, ਸੱਚੇ ਪਾਤਸ਼ਾਹ ਏਹ ਸ਼ਬਦ ਯੂਜ਼ (Use) ਕੀਤੇ ਨੇ ਕਿ ਅਸੀਂ ਉਹਦੇ ਵੱਲ ਛਿੱਤਰ ਵੀ ਨਹੀਂ ਮਾਰਦੇ। ਉਹਨਾਂ ਕਿਸੇ ਵੱਲ ਕਦੀ ਧਿਆਨ ਨਹੀਂ ਕੀਤਾ। ਉਹ ਮਾਲਕ ਦੇਣ ਵਾਲਾ ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਇਕ ਹੈ, ਅਸੀਂ ਸਦਾ ਉਹਨਾਂ ਦੇ ਚਰਨਾਂ ਦਾ ਧਿਆਨ ਰੱਖਿਏ, ਮੈਂ ਇਕ ਗੱਲ ਦੁਹਰਾਣੀ ਚਾਹੁੰਦਾ ਹਾਂ ਕਿ ਨਾਮਧਾਰੀ ਇਤਿਹਾਸ ਬਹੁਤ ਉੱਚਾ ਹੈ, ਸਿੱਖ ਇਤਿਹਾਸ ਬਹੁਤ ਉੱਚਾ ਹੈ। ਅਸੀਂ ਉਸਦੇ ਯੋਗ ਬਣ ਸਕੀਏ। ਇਹ ਪ੍ਰਕਾਸ਼ ਪੁਰਬ ਮਨਾਉਣ ਦਾ, ਇਹ ਗੱਲਾਂ ਸੁਨਣ ਦਾ, ਤੁਸੀਂ ਬਹੁਤ ਮੇਰੇ ਨਾਲੋਂ ਇਤਿਹਾਸ ਜਾਣਦੇ ਨੇ, ਪੰਜਾਬੀ ਭਾਸ਼ਾ ਵਿਭਾਗ ਦੇ ਪ੍ਰੋਫੈਸਰ ਸਾਹਿਬ ਬੋਲ ਕੇ ਗਏ ਨੇ, ਹਰਪਾਲ ਸਿੰਘ ਜੀ ਬੋਲੇ ਨੇ, ਉਨ੍ਹਾਂ ਤੁਹਾਨੂੰ ਬਹੁਤ ਕੁਝ ਦੱਸਿਆ ਹੈ ਪਰ ਇਹ ਗੱਲਾਂ ਯਾਦ ਕਰਨ ਦਾ ਸਾਨੂੰ ਤਾਂ ਫਾਇਦਾ ਹੈ, ਇਹ ਪ੍ਰਕਾਸ਼ ਪੁਰਬ ਮਨਾਉਣ ਦਾ ਸਾਨੂੰ ਤਾਂ ਫਾਇਦਾ ਹੈ, ਕਿ ਅਸੀਂ ਸੱਚੇ ਪਾਤਸ਼ਾਹ ਦੇ ਦੱਸੇ ਹੋਏ ਰਸਤੇ ਤੇ ਚੱਲ ਸਕੀਏ। ਕੋਈ ਗੱਲ ਕਰਦਾ ਹੈ ਕਿ ਸਿਮਰਨ ਬਾਣੀ ਦਾ ਕੀ ਫਾਇਦਾ ਹੈ। ਸਿਮਰਨ ਬਾਣੀ ਦਾ ਇਹ ਫਾਇਦਾ ਹੈ ਕਿ ਜਦੋਂ ਅਸੀਂ ਗੁਰਬਾਣੀ ਨਾਲ ਤੇ ਨਾਮ ਸਿਮਰਨ ਨਾਲ ਜੁੜ ਜਾਂਦੇ ਹਾਂ ਤਾਂ ਸਾਡੇ ਤੋਂ ਕੋਈ ਗਲਤ ਕੰਮ ਹੁੰਦਾ ਹੀ ਨਹੀਂ, ਸਾਡੇ ਤੋਂ ਕਿਸੇ ਦਾ ਨੁਕਸਾਨ ਹੁੰਦਾ ਹੀ ਨਹੀਂ, ਅਸੀਂ ਕਿਸੇ ਦੀ ਬੁਰਾਈ ਕਰਨ ਤੋਂ ਆਪਣੇ

ਆਪ ਹੀ ਹਟ ਜਾਂਦੇ ਹਾਂ। ਸਾਡਾ ਉਹ ਰਸਤਾ ਆਪਣੇ ਆਪ ਹੀ ਸਿੱਧਾ ਹੋ ਜਾਂਦਾ ਹੈ, ਸਾਡੀ ਜਿਹੜੀ ਮੱਤ ਪਾਪਾਂ ਨਾਲ ਭਰੀ ਹੁੰਦੀ ਹੈ, ਉਹ ਆਪਣੇ ਆਪ ਹੀ ਸਾਫ ਹੋ ਜਾਂਦੀ ਹੈ। ਉਹ ਬਦਲਾਵ ਇਸ ਢੰਗ ਨਾਲ ਆਉਂਦਾ ਹੈ ਕਿ ਸਾਨੂੰ ਕੁਝ ਪਤਾ ਹੀ ਨਹੀਂ ਲੱਗਦਾ ਕਿ ਬਦਲਾਵ ਕਿਸ ਤਰ੍ਹਾਂ ਆ ਰਿਹਾ ਹੈ ਪਰ ਆਪਾਂ ਉਹ ਕਰਕੇ ਵੇਖੀਏ, ਮੈਂ ਕੱਲ ਪਰਸੋਂ ਵੀ ਗੱਲ ਕੀਤੀ ਸੀ ਕਿ, ਜਦੋਂ ਅਸੀਂ ਗੁਰਬਾਣੀ ਨਾਲ ਜੁੜਦੇ ਹਾਂ, ਜਦੋਂ ਅਸੀਂ ਨਾਮ ਨਾਲ ਜੁੜਦੇ ਹਾਂ ਉਦੋਂ ਇਹ ਹੈ ਕਿ ਸਾਡੇ ਅੰਦਰ ਕਿਸੇ ਵਾਸਤੇ ਵੀ ਈਰਖਾ ਨਾ ਹੋਵੇ, ਅਸੀਂ ਕਿਸੇ ਦੀ ਬੁਰਾਈ ਨਾ ਕਰੀਏ, ਅਸੀਂ ਕਿਸੇ ਨੂੰ ਮਾੜਾ ਨਾ ਆਖੀਏ, ਹੁਣੇ-ਹੁਣੇ ਗੱਲ ਕੀਤੀ ਸੀ ਹੁਕਮਨਾਮੇ ਦੀ, ਮੇਰਾ ਖਿਆਲ ਉਨ੍ਹਾਂ ਪ੍ਰੋਫੈਸਰ ਸਾਹਿਬ ਨੇ ਕੀਤੀ ਸੀ, ਕਿ ਖਿਮਾ, ਧੀਰਜ ਵਾਲਾ ਬਹੁਤ ਵੱਡਾ ਏ, ਉਹ ਕਿੱਡਾ ਵੱਡਾ ਹੁਕਮ ਕੀਤਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਤੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਹੁਕਮ ਕੀਤਾ ਏ, ਕਿ ਇਕ ਪਾਸੇ ਸਾਡੀ ਤਾਕਤ ਏ, ਅਸੀਂ ਸਮਝਦੇ ਹਾਂ ਕਿ ਅਸੀਂ ਕਿਸੇ ਨੂੰ ਨੁਕਸਾਨ ਪਹੁੰਚਾ ਸਕਦੇ ਹਾਂ, ਤੇ ਦੂਜੇ ਪਾਸੇ ਜੇ ਅਸੀਂ ਖਿਮਾ ਧੀਰਜ ਕਰਦੇ ਹਾਂ ਤੇ ਮੇਰੇ ਸਤਿਗੁਰੂ ਦੀ ਤਾਕਤ ਏ। ਏਹ ਆਪਾਂ ਦੇਖ ਲਈਏ ਕਿ ਸਾਡੀ ਤਾਕਤ ਵੱਡੀ ਏ ਕਿ ਸਤਿਗੁਰੂ ਦੀ ਤਾਕਤ ਵੱਡੀ ਏ।

ਕਿਉਂਕਿ ਖਿਮਾ ਧੀਰਜ ਕਰਨ ਵਾਲਿਆਂ ਨਾਲ ਉਨ੍ਹਾਂ ਦੀ ਤਾਕਤ ਏ, ਇਸ ਕਰਕੇ ਅਸੀਂ ਉਨ੍ਹਾਂ ਦੇ ਰਸਤੇ ਤੇ ਚੱਲੀਏ ਤੇ ਮੈਂ ਇਹ ਅਰਜ਼ ਬੇਨਤੀ ਕਰਦਾਂ ਤੇ ਫਿਰ ਨਾਮਧਾਰੀਆਂ ਨੂੰ ਦੁਹਰਾਂਨਾਂ ਕਿ ਸ਼ਾਦੀਆਂ ਦੀ, ਵਿਆਹਾਂ ਦੀ ਗੱਲ ਕੀਤੀ ਏ, ਅਸੀਂ ਬੜੇ ਮਾਨ ਨਾਲ ਕਹਿੰਦੇ ਹਾਂ, ਹਰਪਾਲ ਸਿੰਘ ਨੇ ਗਿਆਨੀ ਗਿਆਨ ਸਿੰਘ ਜੀ ਦੀ ਗੱਲ ਕੀਤੀ ਸੀ, ਕਿ ਸਭ ਤੋਂ ਪਹਿਲਾਂ ਜੇ ਸਿੱਖ ਅਨੰਦ ਕਾਰਜ਼ ਹੋਇਆ ਤੇ ਸਤਿਗੁਰੂ ਰਾਮ ਸਿੰਘ ਤੋਂ ਪਹਿਲਾ ਕਿਸੇ ਨੇ ਨਹੀਂ ਕੀਤਾ। ਔਰ ਉਹ ਆਨੰਦ ਕਾਰਜ਼ ਦੇ ਨਾਲ ਇਕ ਸਾਦਗੀ ਜੋੜੀ ਸੀ ਸੱਚੇ ਪਾਤਸ਼ਾਹ ਨੇ, ਅਸੀਂ ਵੀ ਉਸ ਸਾਦਗੀ ਦੇ ਨਾਲ ਜੁੜੇ ਰਹੀਏ, ਅਸੀਂ ਫਿਰ ਦੁਨੀਆਂ ਦੇ ਮਗਰ ਲੱਗ ਕੇ ਪਾਰਟੀਆਂ ਦੇ ਮਗਰ ਲੱਗ ਕੇ, ਮੇਰਾ ਨੱਕ ਨਹੀਂ ਰਹਿੰਦਾ ਜੇ ਮੈਂ ਹੋਟਲ ਵਿਚ ਪਾਰਟੀ ਨ ਕੀਤੀ, ਮੇਰਾ ਨੱਕ ਨਹੀਂ ਰਹਿੰਦਾ ਜੇ ਮੈਂ ਰਿਸ਼ਤੇਦਾਰਾਂ ਨੂੰ ਨਾਂ ਸੱਦਿਆ, ਉਨਾਂ ਚੀਜਾਂ ਤੋਂ ਉੱਪਰ ਉੱਠ ਕੇ ਜਦੋਂ ਅਸੀਂ ਸਾਦਗੀ ਨਾਲ ਜੁੜਾਗੇ ਤੇ ਦੁਨੀਆਂ ਸਾਡੇ ਮਗਰ ਆਪਣੇ ਆਪ ਲੱਗੇਗੀ ਦੁਨੀਆਂ ਸਾਡੀ ਸੋਭਾ ਆਪਣੇ ਆਪ ਕਰੇਗੀ। ਉਹ ਸਾਦਗੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ, ਉਹ ਸਾਦਗੀ, ਉਹ ਸੱਚ, ਸਾਨੂੰ ਗੁਰੂ ਰਾਮ ਸਿੰਘ ਜੀ ਨੇ ਦਿੱਤਾ। ਜਦੋਂ ਅਸੀਂ ਸੱਚ ਨਾਲ ਜੁੜ ਜਾਂਦੇ ਹਾਂ ਤੇ ਬਾਕੀ ਸਾਰੀਆਂ ਚੀਜਾਂ ਜਿਹੜੀਆਂ ਨੇ ਉਹ ਸਾਡੇ ਮਗਰ ਆਪਣੇ ਆਪ ਆ ਜਾਂਦੀਆਂ ਨੇ ਇਸ ਕਰਕੇ ਮੈਂ ਇਹ ਅਰਜ਼ ਬੇਨਤੀ ਕਰਦਾਂ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਤੇ ਖਾਸ ਕਰਕੇ ਸਾਨੂੰ ਜਿਹੜਾ ਹੁਕਮ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਸੁਣਾਇਆ ਮੈ ਉਹਨੂੰ ਦੁਹਰਾਂਦਾਂ ਕਿ ਅੰਮ੍ਰਿਤ ਵੇਲੇ ਜਰੂਰ ਉੱਠਿਆ ਕਰੋ। ਮੈਂ ਨਾਮਧਾਰੀਆਂ ਨੂੰ ਖਾਸ ਕਰਕੇ ਕਹਿੰਦਾ ਹਾਂ, ਮੇਰੇ ਦੂਜਿਆਂ ਨਾਲ ਸਾਰਿਆਂ ਵਾਸਤੇ ਹੀ ਹੈ ਪਰ ਇਹ ਖਾਸ ਕਰਕੇ ਇਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਹੁਕਮ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਦੁਹਰਾਇਆ ਅੱਜ ਅਸੀਂ ਆਸਾ ਦੀ ਵਾਰ ਵਿੱਚ ਵੀ ਸਵੇਰੇ ਸੰਗਤ ਬਹੁਤ ਘੱਟ ਸੀ। ਨਾਮਧਾਰੀ ਵੀ ਲੇਟ ਉਠਣ ਲੱਗ ਗਏ ਨੇ ਸਵੇਰੇ ਸੂਰਜ ਚੜ੍ਹਿਆਂ ਤੱਕ ਸੁੱਤੇ ਰਹਿੰਦੇ ਨੇ, ਇਹ ਨਾਮਧਾਰੀਆਂ ਦਾ ਕਿਰਦਾਰ ਨਹੀਂ। ਅਸੀਂ ਸਣੇ ਕੇਸੀ ਇਸ਼ਨਾਨ ਨਾ ਕਰੀਏ ਉਹ ਚੰਗਾ ਨਹੀਂ ਲੱਗਦਾ। ਸਣੇ ਕੇਸੀ ਇਸ਼ਨਾਨ ਜਰੂਰ ਕਰਿਆ ਕਰੋ ਨਾਮ ਸਿਮਰਨ ਜਰੂਰ ਕਰਿਆ ਕਰੋ। ਇਸ ਗੱਲ ਤੇ ਵਿਸ਼ਵਾਸ ਕਰਿਆ ਕਰੀਏ। ਅੱਜ ਈ ਕਿਸੇ ਧਿਆਨ ਨਾਲ ਪਤਾ ਨਹੀਂ ਕਿਸੇ ਨੇ ਸੁਣਿਆ ਏ ਕਿ ਨਹੀਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਵਿਚ ਆਇਆ ਸੀ ਕਿ ਅਸੀਂ ਤੁਰਦੇ ਹਾਂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਨਾਨਕ ਦੇਵ ਜੀ ਨੇ ਹੁਕਮ ਕੀਤੇ ਏ 'ਤੂੰ ਕਰਤਾ ਕਰਣਾ ਮੈ ਨਾਹੀ, ਜਾ ਹਉ ਕਰੀ ਨ ਹੋਈ' ਤੇ ਜਿਹੜਾ ਕਰਤਾ ਕਰਨਾ ਜੇ ਗੁਰੂ ਨਾਨਕ ਦੇਵ ਜੀ ਜਿਹੜੇ ਸਾਰਿਆਂ ਤੋਂ ਵੱਡੇ ਨੇ ਉਨਾਂ ਹੁਕਮ ਕਰ ਦਿੱਤਾ ਏ ਕਿ ਮੇਰੇ ਕੀਤਿਆਂ ਕੁਝ ਨਹੀਂ ਹੁੰਦਾ ਤੇ ਅਸੀਂ ਉਸ ਕਰਤੇ ਨੂੰ ਯਾਦ ਕਰਨ ਦੀ ਜਗ੍ਹਾ ਆਪਣੇ ਸਨ੍ਹਾਂਵਾਂ ਆਪਣੀ ਇਸ ਗੱਲ ਚ ਲਗੇ ਰਹਿੰਦੇ ਹਾਂ ਕਿ ਮੇਰੇ ਹੀ ਕੀਤੀਆਂ ਹੋਵੇਗਾ, ਇੱਕ ਘੰਟਾ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਕੇ ਅਸੀਂ ਉਸ ਮਾਲਕ ਨੂੰ ਯਾਦ ਕਰੀਏ ਜਿਦਾ ਦਿੱਤਾ ਅਸੀਂ ਖਾਂਦੇ ਹਾਂ, ਜਿਦਾ ਦਿੱਤਾ ਅਸੀਂ ਸੁੱਖ ਲੈਦੇ ਹਾਂ, ਜਿਸ ਚੀਜ਼ ਨਾਲ ਸਾਨੂੰ ਗੁਰੂ ਨਾਨਕ ਦੇਵ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਜੋੜਿਆ। ਉਹ ਚੀਜਾਂ ਨੂੰ ਅਸੀਂ ਭੁੱਲੀਏ ਨਾ ਤੇ ਸੁੱਖ ਦੁਨਿਆਦਾਰੀ ਦੇ ਕੋਈ ਵੱਡੀ ਚੀਜ਼ ਨਹੀਂ, ਆਪਣੇ ਆਪ ਹੀ ਮਗਰ ਤੁਰੇ ਆਉਂਦੇ ਨੇ, ਇਹ ਸਾਰੀਆਂ ਚੀਜ਼ਾਂ ਮਗਰ ਆ ਜਾਣਗੀਆਂ ਪਰ ਉਸ ਹੁਕਮ ਨੂੰ ਮੰਨਣ ਵਾਸਤੇ ਅਸੀਂ ਤਗੜੇ ਹੋ ਕੇ ਲੱਕ ਬੰਨ੍ਹ ਕੇ ਉਨ੍ਹਾਂ ਦਾ ਹੁਕਮ ਜਰੂਰ ਮੰਨੀਏ ਤੇ ਸੱਚੇ ਪਾਤਸ਼ਾਹ ਕਿਰਪਾ ਕਰਨ, ਮੈ ਸਾਰੇ ਆਏ ਬਾਹਰੋਂ ਆਏ ਪਤਵੰਤੇ ਸੱਜਣਾਂ ਦਾ ਬਹੁਤ-ਬਹੁਤ ਧੰਨਵਾਦੀ ਹਾਂ ਤੁਸੀਂ ਆਏ ਹੋ ਸਾਡੀ ਏਸ ਖੁਸ਼ੀ ਵਿਚ ਤੁਸੀਂ ਸ਼ਾਮਲ ਹੋਏ ਹੋ। ਦਿੱਲੀ ਦੀ ਸੰਗਤ ਜਿਨ੍ਹਾਂ ਏਹ ਮੇਲਾ ਕਰਾਇਆ ਜਿਨ੍ਹਾਂ ਨੇ ਬੀਬੀਆਂ ਨੇ ਜੋੜਿਆਂ ਵਾਲਿਆਂ ਨੇ ਲਾਂਗਰੀਆਂ ਨੇ ਇਹ ਸੇਵਾ ਕੀਤੀ ਏ ਉਨ੍ਹਾਂ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦੀ ਹਾਂ ਤੇ ਬਾਕੀ ਸੰਗਤ ਨੂੰ ਫੇਰ ਦੁਹਰਾਂਦਾਂ ਕਿ ਤਗੜੇ ਹੋ ਕੇ ਸੱਚੇ ਪਾਤਸ਼ਾਹ ਦਾ ਹੁਕਮ ਮੰਨੀਏ ਤੇ ਏਹ ਅਰਦਾਸ ਜਰੂਰ ਕਰੀਏ ਕਿ ਅਰਦਾਸ ਇਕ ਮਨ ਹੋ ਕੇ ਕਰਿਆ ਕਰੀਏ ਕਿ ਸੱਚੇ ਪਾਤਸ਼ਾਹ ਸਾਨੂੰ ਏ ਸਮਰੱਥਾ ਦੇ ਸਾਨੂੰ ਇਹ ਬਲ ਦੇ ਅਸੀਂ ਤੇਰਾ ਹੁਕਮ ਮੰਨ ਸਕੀਏ, ਤੇਰੇ ਦੱਸੇ ਹੋਏ ਰਸਤੇ ਤੇ ਚੱਲ ਸਕੀਏ ਤੇਰੀ ਦੱਸੀ ਹੋਈ ਮਰਿਆਦਾ ਤੇ ਚੱਲ ਸਕੀਏ ਤਾਂ ਕਿ ਤੁਹਾਡਾ ਨਾਂ ਉੱਚਾ ਕਰ ਸਕੀਏ ਤੇ ਅਸੀਂ ਆਪ ਵੀ ਸੌਖੇ ਹੋ ਸਕੀਏ ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਆਰੰਭਿਕ ਸਰਗਰਮੀਆਂ

✍- ਦਵਿੰਦਰ ਸਿੰਘ ਗਿੱਲ ਜੀਆ ਨੱਥਾ

ਯੁਗ ਪੁਰਸ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖ ਇਤਿਹਾਸ ਤੇ ਸਾਹਿਤ ਵਿੱਚ ਇੱਕ ਵੱਖਰੀ ਛਾਪ ਹੈ। ਉਹਨਾਂ ਦੀ ਅਨਮੋਲ ਬਹੁਪੱਖੀ ਦੇਣ ਤੇ ਸਮੁੱਚਾ ਜਗਤ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਉਹਨਾਂ ਦਾ ਆਗਮਨ ਉਸ ਸਮੇਂ ਹੋਇਆ, ਜਦੋਂ ਸਮੁੱਚਾ ਹਿੰਦੋਸਤਾਨ ਅਤੇ ਖਾਸ ਕਰਕੇ ਸਿੱਖ ਆਪਣੀ ਹੋਂਦ ਅਤੇ ਵਿਲੱਖਣਤਾ ਨੂੰ ਭੁੱਲ ਚੁੱਕੇ ਸਨ। ਬਾਲ ਵਿਆਹ, ਬਹੁ ਵਿਆਹ, ਜੰਮਦੀ ਕੰਨਿਆ ਮਾਰਨੀ ਆਦਿਕ ਕੁਰੀਤੀਆਂ ਸਮਾਜ ਵਿੱਚ ਪ੍ਰਧਾਨ ਹੋ ਗਈਆਂ ਸਨ। ਧਰਮ, ਕਰਮ ਸਭ ਅਲੋਪ ਹੋ ਗਏ ਸਨ, ਸਿੱਖ ਸਰਦਾਰ ਦਿਖਾਵੇ ਦੇ ਸਰਦਾਰ ਸਨ, ਉਹ ਰਹਿਤ ਮਰਯਾਦਾ ਨੂੰ ਭੁੱਲ ਚੁੱਕੇ ਸਨ। ਸ਼ਰਾਬ ਪੀਣੀ ਤੇ ਨਸ਼ੇ ਕਰਨੇ, ਮਾਸ ਖਾਣਾ ਤੇ ਕੰਜਰੀਆਂ ਦੇ ਨਾਚ ਦੇਖਣੇ ਉਹਨਾਂ ਦੇ ਨਿੱਤ ਦੇ ਸ਼ੁਗਲ ਬਣ ਚੁੱਕੇ ਸਨ। ਉਹ ਪੰਜ ਕਕਾਰਾਂ ਦੀ ਰਹਿਤ ਨੂੰ ਭੁੱਲ ਚੁੱਕੇ ਸਨ ਅਤੇ ਉਹਨਾਂ ਦੇ ਘਰਾਂ ਤੇ ਮਹੱਲਾਂ ਵਿੱਚ ਬ੍ਰਾਹਮਣੀ, ਸਨਾਤਨੀ ਰੀਤ ਪ੍ਰਧਾਨ ਹੋ ਗਈ ਸੀ। ਦਾੜ੍ਹੇ ਨੂੰ ਮੋਚਣੇ ਨਾਲ ਪੁੱਟਣਾ ਅਤੇ ਦਸਤਾਰ ਤੇ ਕਛਹਿਰੇ ਤਜ ਕੇ ਧੋਤੀ ਸੁੱਥੂ ਤੇ ਤਹਿਮਤ ਨੂੰ ਪਹਿਨਣ ਵਿੱਚ ਸ਼ਾਨ ਸਮਝਣ ਲੱਗ ਪਏ ਸਨ। ਅੰਮ੍ਰਿਤ ਵੇਲੇ ਜਾਗਣਾ ਤੇ ਗੁਰਦੁਆਰੇ ਜਾ ਕੇ ਧੂਪ ਦੀਪ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨਾ ਉਹ ਭੁੱਲ ਚੁੱਕੇ ਸਨ। ਆਦਿ ਗ੍ਰੰਥ ਸਾਹਿਬ ਦੀਆਂ ਬੀੜਾਂ ਬੁਖਾਰਿਆਂ ਤੇ ਆਲਿਆਂ ਵਿੱਚ ਸੰਭਾਲ ਤੋਂ ਬਿਨਾਂ ਹੀ ਪਈਆਂ ਹੋਈਆਂ ਸਨ ਅਤੇ ਪੱਤਰਿਆਂ ਨੂੰ ਚੂਹੇ ਖਾ ਰਹੇ ਸਨ। ਇਹ ਦੁਰਦਸ਼ਾ ਕੇਵਲ ਸਿੱਖ ਸਰਦਾਰਾਂ ਦੀ ਹੀ ਨਹੀਂ, ਆਮ ਲੋਕਾਈ ਦੀ ਵੀ ਹੋ ਗਈ ਸੀ। ਗਿਆਨੀ ਗਿਆਨ ਸਿੰਘ ਜੀ ਉਸ ਦਰਦਨਾਕ ਹਾਲਾਤ ਬਾਰੇ 'ਪੰਥ ਪ੍ਰਕਾਸ਼' ਵਿੱਚ ਇਸ ਪ੍ਰਕਾਰ ਲਿਖਦੇ ਹਨ:-

ਔਰੈਂ ਰੀਤ ਔਰੈਂ ਮੀਤ ਔਰੈਂ ਪ੍ਰਤੀਤ ਪ੍ਰੀਤ,
ਖਾਨ ਪਹਿਰਾਨ ਗਯਾਨ ਮਾਨ ਔਰੈਂ ਜਨ ਕੈ।
ਡਾਰੇ ਦਸਤਾਰੇ ਸਾਫੇ ਧਾਰੇ ਹੈਂ ਸੰਭਾਰੇ ਆਛੈ,
ਕਛੈ ਤਜ ਗਏ ਧੋਤੀ ਸੁੱਥੂ ਤੰਗ ਮਨ ਕੈ।
ਧਾਰੇ ਹੈ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ
ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ।
ਸਿਖੀ ਦਸਮੇਸ ਕੀ ਸੁ ਕੀ ਅਪਰਦੇਸ ਕੀ
ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨ ਕੈ।
ਕੋਈ ਬਾਰ ਪਾਰੈਂ ਓਚੈ ਨਾਕ ਨੋਚੈਂ ਮੋਚਨੇ ਲੈ
ਕੋਈ ਖੋਚੈਂ ਲਤਨ ਸੋਂ ਸੋਚੈਂ ਨਾ ਲਖਾਇ ਹੈਂ।
ਕੋਊ ਦਾੜੇ ਹੀ ਉਖਾੜੈਂ ਮੂਛੈਂ ਪਾੜੈਂ ਝਾੜਨ ਜਿਉਂ
ਪੂਚੈ ਸੋਤ ਛਾੜੈ ਕੋਊ ਸਾੜੈ ਦਵਾ ਲਾਇ ਹੈ।
ਬਗਲੈ ਉਪਾਰੈ ਕੋਊ ਭੌਹੈ ਸੌਹੈਂ ਕੀ ਉਖਾਰੈਂ
ਨਾਸਕਾ ਕੋ ਫਾਰ ਹਾਥ ਮਾਥ ਪੈ ਚਲਾਇ ਹੈਂ।
ਸਿੱਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਲੇ,
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ।
ਜਾਗ ਜਿਨ ਕੈ ਬਡੇਰੇ ਬਾਣੀ ਪੜ੍ਹਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨਾ ਕਰੈ।
ਤਿਨ ਹੀ ਕੀ ਨਾਤੀ ਧੂਪ ਦੀਪ ਕੀ ਕਹਾਂ ਬਿਖਯਾਤੀ,
ਪਾਇ ਹੈ ਨਾ ਝਾਤੀ ਮੂਸ ਖਾਤ ਗ੍ਰੰਥ ਕੋ ਪਰੈ।
ਜਪੁਜੀ ਨਾ ਰਹੁਰਾਸ ਸੁਨੈ ਪੜੇ ਕਬੀ ਖਾਸ,
ਔਰ ਪੜ੍ਹਤ ਜੇ ਪਾਸ ਹਾਸ ਤਿਨ ਯੋ ਰਹੈਂ।
ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂ,
ਸਹਿਰਾਂ ਮੈ ਜਾਇ ਲੁਕਮੈ ਰਿਝਾਇ ਲੈ ਤਰੈ।
ਐ ਪੈ ਹੰਸ ਸਿੰਘਨ ਕੀ ਅੰਸ ਭ੍ਰੰਸ ਭਈ ਬਹੁ,
ਠੌਰ ਮੈਂ ਨਿਸੰਸ ਬੰਸ ਕਾਕ ਬਾਕ ਹੋ ਗਏ।
ਯਾਹੀ ਤੇ ਸੁ ਸਿੰਘੀ ਰੀਤ ਮਾਂਹਿ ਤਿਨੈ ਨਾਹ ਪ੍ਰੀਤ,
ਸਰਮ ਧਰਮ ਨੀਤਿ ਕੁਲਾ ਚਾਰਖੋ ਦਏ।
ਪਢ ਅੰਗ੍ਰੇਜੀ ਫਾਰਸੀ ਤੈ ਭਏ ਆਰਸੀ ਹੈਂ,
ਖਾਰਸੀ ਸਮਝ ਸੁਭ ਕਾਮ ਸਭ ਧੋ ਦਏ।
ਜਾਗੈ ਬਡੀ ਰਾਤ ਹੈ ਨਾ ਗੁਰਬਾਣੀ ਗਾਤ ਹੈ ਨਾ,
ਪਿੰਡੇ ਬੀ ਨ੍ਹਾਤ ਹੈ ਥਿਰ ਧਿਆਨ ਕੇ ਗਏ।

ਸਤਿਗੁਰੂ ਰਾਮ ਸਿੰਘ ਜੀ ਲੋਕਾਈ ਦੀ ਇਹ ਉਪਰੋਕਤ ਦੁਰਦਸ਼ਾ ਆਪਣੀ ਅੱਖੀਂ ਦੇਖੀ ਸੀ। ਉਹਨਾਂ ਨੇ ਪੰਜਾਬ ਦੀ ਰਾਜਨੀਤਕ ਹਾਲਤ ਨੂੰ ਵੀ ਨੇੜੇ ਹੋ ਕੇ ਤੱਕਿਆ, ਉਹ 1837 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋਏ ਸਨ ਅਤੇ ਜਦੋਂ 1841 ਈਸਵੀ ਵਿੱਚ ਉਹਨਾਂ ਦੀ ਪਲਟਣ ਹਜ਼ਰੋਂ ਵੱਲ ਗਈ ਸੀ ਤਾਂ ਆਪ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਪ੍ਰਾਪਤ

ਕੀਤੀ। 1839 ਈਸਵੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਖਾਨਜੰਗੀ ਵਾਲੀ ਹਾਲਤ ਬਣ ਗਈ ਸੀ। ਜਿਹੜਾ ਵੀ ਕੋਈ ਤਖਤ ਤੇ ਬੈਠਦਾ, ਉਸਨੂੰ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ, ਸਿੱਖ ਰਾਜ ਦੀਆਂ ਫੌਜਾਂ ਆਪ ਹੁਦਰੀਆਂ ਹੋ ਗਈਆਂ ਸਨ। ਸਿੱਖ ਸੈਨਿਕ ਆਪਣੇ ਅਫਸਰਾਂ ਅਤੇ ਹਾਕਮਾਂ ਤੋਂ ਚੋਖੀਆਂ ਤਨਖਾਹਾਂ, ਬੁਤਕੀਆਂ ਤੇ ਕੈਂਠੇ ਮੰਗਦੇ ਸਨ। ਸਿੱਖ ਰਾਜ ਦਾ ਖਜ਼ਾਨਾ ਖਾਲੀ ਹੋ ਗਿਆ ਸੀ ਪਰੰਤੂ ਸਿੱਖ ਸਿਪਾਹੀਆਂ ਅਤੇ ਨਿਤ ਨਵੇਂ ਬਣਦੇ ਮਹਾਰਾਜੇ ਨੂੰ ਇਸਦੀ ਕੋਈ ਪ੍ਰਵਾਹ ਨਹੀਂ ਹੁੰਦੀ ਸੀ। ਸਤਲੁਜ ਤੋਂ ਪਾਰ ਬੈਠਾ ਅੰਗਰੇਜ਼ ਲਾਹੌਰ ਦਰਬਾਰ ਵੱਲ ਲਲਚਾਈਆਂ ਅੱਖਾਂ ਨਾਲ ਵੇਖ ਰਿਹਾ ਸੀ ਕਿ ਕਦੋਂ ਮੌਕਾ ਮਿਲੇ ਤਾਂ ਉਹ ਸਮੁੱਚੇ ਭਾਰਤ ਵਾਂਗ, ਖਾਲਸਾ ਰਾਜ ਦੇ ਇਲਾਕੇ ਨੂੰ ਹੜੱਪ ਕਰ ਜਾਵੇ।

ਅਖੀਰ ਅੰਗਰੇਜ਼ ਹਾਕਮ ਨੂੰ ਮੌਕਾ ਮਿਲ ਹੀ ਗਿਆ, ਪਹਿਲੀ ਅੰਗਰੇਜ਼ ਸਿੱਖ ਲੜਾਈ ਦੇ 1845 ਈਸਵੀ ਵਿੱਚ ਹਾਲਾਤ ਬਣ ਗਏ ਤਾਂ ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਭਵਿੱਖਬਾਣੀ ਕੀਤੀ ਸੀ ਕਿ ਸਿੱਖ ਇਹ ਜੰਗ ਹਾਰ ਜਾਣਗੇ, ਜਿੱਤਣਗੇ ਨਹੀਂ। ਪਰੰਤੂ ਹੰਕਾਰੇ ਹੋਏ ਸੈਨਿਕਾਂ ਨੇ ਸਤਿਗੁਰਾਂ ਦੀ ਭਵਿੱਖਬਾਣੀ ਸੁਣ ਕੇ ਮਜ਼ਾਕ ਕੀਤੇ ਅਤੇ ਮਸਤਾਨੇ (ਸਤਿਗੁਰੂ ਜੀ) ਦੀਆਂ ਰਮਜ਼ਾਂ ਨੂੰ ਐਵੇਂ ਫਜ਼ੂਲ ਹੀ ਸਮਝਿਆ। ਸਤਿਗੁਰੂ ਜੀ ਨੇ ਆਪਣੀ ਬੰਦੂਕ ਸਤਲੁਜ ਵਿੱਚ ਸੁੱਟ ਦਿੱਤੀ ਅਤੇ ਆਪ ਦਰਿਆ ਪਾਰ ਕਰਕੇ ਲੁਧਿਆਣੇ ਆਪਣੇ ਮਾਮੇ ਹਰੀ ਸਿੰਘ ਕੋਲ ਆ ਗਏ। ਉਹਨਾਂ ਦੇ ਮਾਮੇ ਦੇ ਪੁੱਤਰ ਖਜ਼ਾਨ ਸਿੰਘ ਨੇ ਉਸ ਸਮੇਂ ਫਿਰੋਜ਼ਪੁਰ ਦੇ ਕਿਲ੍ਹੇ ਦੀ ਇਮਾਰਤਸਾਜ਼ੀ ਦਾ ਠੇਕਾ ਲਿਆ ਹੋਇਆ ਸੀ। ਸਤਿਗੁਰਾਂ ਨੇ ਉਸ ਕਾਰਜ ਵਿੱਚ ਹੱਥ ਵਟਾਇਆ ਪਰੰਤੂ ਛੇਤੀ ਹੀ ਉਹ ਸ੍ਰੀ ਭੈਣੀ ਸਾਹਿਬ ਆ ਗਏ।

ਸ੍ਰੀ ਭੈਣੀ ਸਾਹਿਬ ਆ ਕੇ ਕੁਝ ਸਮਾਂ ਉਹਨਾਂ ਨੇ ਹਮੀਰੇ ਜੱਟ ਨਾਲ ਮਿਲ ਕੇ ਖੇਤੀ ਕੀਤੀ ਪਰੰਤੂ ਹਮੀਰਾ ਬੇਈਮਾਨ ਸੀ। ਇਸ ਲਈ ਸਤਿਗੁਰੂ ਜੀ ਭਿਆਲੀ ਛੱਡ ਕੇ ਪਿੰਡ ਰਾਈਆਂ ਚਲੇ ਗਏ ਅਤੇ ਜੀਉਣ ਸਿੰਘ ਨਾਲ ਮਿਲ ਕੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਭੈਣੀ ਸਾਹਿਬ ਵਾਲੇ ਭਾਈ ਲਹਿਣਾ ਸਿੰਘ ਰਾਈਆਂ ਜਾ ਕੇ ਸਤਿਗੁਰਾਂ ਨੂੰ ਬੇਨਤੀ ਕਰਕੇ ਮੁੜ ਭੈਣੀ ਸਾਹਿਬ ਲੈ ਆਏ ਅਤੇ ਰਿਹਾਇਸ਼ ਲਈ ਜਗ੍ਹਾ ਦੇ ਦਿੱਤੀ। ਫਿਰ ਉਹਨਾਂ ਨੇ ਤੂਤਾਂ ਵਾਲੇ ਖੂਹ ਉੱਤੇ ਤਿੰਨ ਵਿੱਘੇ ਜ਼ਮੀਨ ਦੇ ਦਿੱਤੀ ਜਿੱਥੇ ਸਤਿਗੁਰਾਂ ਨੇ ਨਾਮ ਸਿਮਰਨ ਕਰਨ ਲਈ ਇੱਕ ਮਕਾਨ ਬਣਾਇਆ ਜੋ ਬਾਅਦ ਵਿੱਚ ਅਕਾਲ ਬੁੰਗੇ ਦੇ ਨਾਮ ਨਾਲ ਪ੍ਰਸਿੱਧ ਹੋਇਆ।

**ਸੰਤ ਖਾਲਸਾ ਦੀ ਸਾਜਨਾ–**

ਹੁਣ ਤੱਕ ਖਾਲਸਾ ਰਾਜ ਖਤਮ ਹੋ ਚੁੱਕਾ ਸੀ, ਉਹ ਹੰਕਾਰੇ ਹੋਏ ਅਜੇਤੂ ਸੈਨਿਕ ਜੋ ਆਪਣੇ ਆਪ ਨੂੰ ਸਭ ਤੋਂ ਸਰੇਸ਼ਟ ਅਤੇ ਨਿੱਤ ਨਵੀਆਂ ਸਹੂਲਤਾਂ ਅਤੇ ਲੁੱਟ ਖਸੁੱਟ ਕਰਕੇ ਮਾਇਆ ਬਟੋਰਨੀ ਜਾਣਦੇ ਸਨ, ਉਹਨਾਂ ਨੂੰ ਕੁਝ ਖਾਲਸਾ ਦਰਬਾਰ ਦੇ ਬੇਈਮਾਨ ਹਾਕਮਾਂ ਨੇ ਅੰਗਰੇਜ਼ਾਂ ਦੇ ਅਧੀਨ ਕਰ ਦਿੱਤਾ। ਸਿੱਖ ਫੌਜਾਂ ਜਿੱਤ ਕੇ ਵੀ ਹਾਰ ਗਈਆਂ ਅਤੇ ਅੰਗਰੇਜ਼ ਨੇ ਉਹਨਾਂ ਸਾਰੇ ਸੈਨਿਕਾਂ ਤੋਂ ਹਥਿਆਰ ਖੋਹ ਕੇ ਉਹਨਾਂ ਨੂੰ ਨਿਹੱਥੇ ਕਰ ਦਿੱਤਾ ਸੀ। ਹੁਣ ਉਹਨਾਂ ਨੂੰ ਆਪਣੀ ਮੂਰਖਤਾ ਤੇ ਪਛਤਾਵਾ ਹੋ ਰਿਹਾ ਸੀ ਅਤੇ ਸਿਪਾਹਸਲਾਰਾਂ ਤੇ ਗੁੱਸਾ ਆ ਰਿਹਾ ਸੀ। ਅੰਗਰੇਜ਼ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਹੀ ਆਪਣੇ ਮੁਖ਼ਬਰ ਅਤੇ ਲਾਲਚ ਦੇ ਕੇ ਪੰਜਾਬੀਆਂ ਵਿੱਚੋਂ ਦੇਸ਼ ਧਰੋਹੀ ਪੈਦਾ ਕਰ ਲਏ ਅਤੇ ਫਿਰ ਸਿੱਖਾਂ ਤੇ ਪੰਜਾਬੀਆਂ ਦਾ ਈਮਾਨ ਖੋਹਣ ਲਈ ਈਸਾਈ ਮੱਤ ਦਾ ਪਰਚਾਰ ਜ਼ੋਰ ਸ਼ੋਰ ਨਾਲ ਪੰਜਾਬ ਵਿੱਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਈਸਾਈ ਮੱਤ ਦੇ ਪ੍ਰਚਾਰ ਲਈ ਪੰਜਾਬੀਆਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਣ ਲੱਗੇ। ਹੁਣ ਪੰਜਾਬੀਆਂ ਦਾ ਦਮ ਘੁਟਣ ਲੱਗਾ, ਆਜ਼ਾਦ ਸਿੱਖ ਰਾਜ ਲਈ ਮੱਲਾਂ ਮਾਰਨ ਵਾਲੇ ਅੰਗਰੇਜ਼ ਦੀ ਦਇਆ ਦੇ ਪਾਤਰ ਬਣ ਗਏ ਸਨ।

ਉਧਰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿੱਚ ਸਤਿਜੁਗ ਵਰਤਾ ਦਿੱਤਾ ਸੀ, ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿੱਚ ਦੁਕਾਨ ਖੋਲ੍ਹ ਲਈ ਸੀ ਅਤੇ ਉਸਦੀ ਵਟਤ ਨਾਲ ਘਰੇਲੂ ਖਰਚ ਚਲਾਉਂਦੇ ਪਰੰਤੂ ਜੋ ਮਾਇਆ ਗੁਰੂ ਘਰ ਲਈ ਸ਼ਰਧਾਲੂ ਭੇਟ ਕਰਦੇ, ਉਹ ਲੰਗਰ ਵਿੱਚ ਪਾ ਦਿੱਤੀ ਜਾਂਦੀ ਸੀ। ਸਤਿਗੁਰੂ ਜੀ ਅੰਮ੍ਰਿਤ ਵੇਲੇ ਦੀਵਾਨ ਲਗਾਉਂਦੇ, ਆਸਾ ਦੀ ਵਾਰ ਦਾ ਕੀਰਤਨ ਕਰਦੇ ਅਤੇ ਫਿਰ ਸੂਰਜ ਦੀ ਟਿੱਕੀ ਦੇ ਨਿਕਲਣ ਦੇ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾਉਂਦੇ ਸਨ। ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਜਾਂਦਾ ਸੀ। ਨਾਮ ਸਿਮਰਨ ਦੇ ਅਭਿਲਾਸ਼ੀ,ਪਤੰਗਿਆਂ ਵਾਂਗ ਸਤਿਗੁਰਾਂ ਵੱਲ ਆਉਣ ਲੱਗੇ। ਉਥੇ ਆ ਕੇ ਉਹਨਾਂ ਦੀ ਮਨ ਦੀ ਭਟਕਣਾ ਖਤਮ ਹੋ ਜਾਂਦੀ, ਕਈ ਸਿੱਖ ਤਾਂ ਭੈਣੀ ਸਾਹਿਬ ਦੇ ਹੀ ਹੋ ਕੇ ਰਹਿ ਗਏ।

ਉਹਨਾਂ ਦੀ ਉਪਮਾ ਸੁਣ ਕੇ ਜਿਸ ਪਲਟਣ ਵਿੱਚ ਆਪ ਜੀ ਨੌਕਰ ਸਨ, ਉਸਦਾ ਹਵਾਲਦਾਰ ਕਾਹਨ ਸਿੰਘ ਪਿੰਡ ਚੱਕ ਵੱਡਾ ਰਿਆਸਤ ਮਲੇਰਕੋਟਲਾ ਆਪ ਜੀ ਕੋਲ ਆਇਆ, ਉਹਨਾਂ ਦਾ ਹੀ ਹੋ ਕੇ ਰਹਿ ਗਿਆ। ਲਾਭ ਸਿੰਘ ਜੋ ਸੂਰਮਾ ਸਿੰਘ ਸੀ, ਅੰਮ੍ਰਿਤਸਰ ਦਾ ਰਾਗੀ ਸੀ, ਜੋ ਸਤਿਗੁਰੂ ਬਾਲਕ ਸਿੰਘ ਜੀ ਕੋਲ ਨਾਮ ਦੀ ਦਾਤ ਪ੍ਰਾਪਤ

ਕਰਨ ਗਿਆ ਸੀ, ਉਹਨਾਂ ਨੇ ਸ੍ਰੀ ਭੈਣੀ ਸਾਹਿਬ ਭੇਜ ਦਿੱਤਾ। ਆਤਮਾ ਸਿੰਘ ਦਾ ਪਿੰਡ ਆਲੋ ਮੁਹਾਰ ਜ਼ਿਲ੍ਹਾ ਸਿਆਲਕੋਟ ਸੀ, ਜਿਸਦੇ ਮਨ ਵਿੱਚ ਜਗਿਆਸਾ ਸੀ ਕਿ ਪੂਰਨ ਪੁਰਖ ਦੇ ਲੜ ਲੱਗਿਆ ਜਾਵੇ। ਉਹ ਵਜ਼ੀਰਾਬਾਦ, ਫਿਰ ਲਾਹੌਰ ਫਿਰਦਾ ਹੋਇਆ ਸ੍ਰੀ ਭੈਣੀ ਸਾਹਿਬ ਆ ਗਿਆ। ਉਥੇ ਆ ਕੇ ਉਸਦੇ ਮਨ ਦੀ ਭਟਕਣਾ ਖਤਮ ਹੋ ਗਈ, ਇਸ ਪ੍ਰਕਾਰ ਕਾਫਲਾ ਵਧਦਾ ਗਿਆ ਅਤੇ ਸਤਿਗੁਰੂ ਜੀ ਦੀ ਉਪਮਾ ਚਾਰ ਕੁੰਟਾਂ ਵਿੱਚ ਫੈਲ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ 12 ਅਪਰੈਲ 1857 ਈਸਵੀ ਦੀ ਵਿਸਾਖੀ ਨੂੰ ਸਿੱਖਾਂ ਨੂੰ ਦੂਰ ਦੂਰ ਤੋਂ ਬੁਲਾ ਕੇ ਸੰਗਤ ਦੇ ਇਕੱਠ ਵਿੱਚ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸਾ ਦੀ ਸਾਜਨਾ ਕਰਕੇ ਸਿੱਖ ਸਮਾਜ ਦੀ ਕਾਇਆ ਕਲਪ ਕਰ ਦਿੱਤੀ ਸੀ। ਉਹਨਾਂ ਪੰਜਾਂ ਸਿੱਖਾਂ ਦੇ ਨਾਮ ਇਸ ਪ੍ਰਕਾਰ ਸਨ-

1. ਭਾਈ ਕਾਹਨ ਸਿੰਘ ਨਿਹੰਗ ਪਿੰਡ ਚੱਕ, ਰਿਆਸਤ ਮਲੇਰਕੋਟਲਾ

2. ਭਾਈ ਲਾਭ ਸਿੰਘ ਰਾਗੀ ਅੰਮ੍ਰਿਤਸਰ

3. ਭਾਈ ਨੈਣਾ ਸਿੰਘ ਪਿੰਡ ਵਰਿਆਂਹ, ਜ਼ਿਲ੍ਹਾ ਅੰਮ੍ਰਿਤਸਰ

4. ਭਾਈ ਆਤਮਾ ਸਿੰਘ, ਪਿੰਡ ਆਲੋ ਮੁਹਾਰ, ਜ਼ਿਲ੍ਹਾ ਸਿਆਲਕੋਟ

5. ਭਾਈ ਸੁੱਧ ਸਿੰਘ ਪਿੰਡ ਦੁਰਗਾਪੁਰ, ਜ਼ਿਲ੍ਹਾ ਜਲੰਧਰ।

ਸਤਿਗੁਰੂ ਜੀ ਨੇ ਪਿੰਡ ਮਦੀਹ ਜ਼ਿਲ੍ਹਾ ਫਿਰੋਜ਼ਪੁਰ ਦੇ ਵਸਨੀਕ ਭਾਈ ਰਾਇ ਸਿੰਘ ਜੀ ਨੂੰ ਸ੍ਰੀ ਹਜ਼ੂਰ ਸਾਹਿਬ-ਨਾਂਦੇੜ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਚਲਤ ਸਿੱਖ ਰਹਿਤ ਮਰਯਾਦਾ ਲੈਣ ਨੂੰ ਭੇਜਿਆ। ਸਤਿਗੁਰਾਂ ਦੀ ਕਿਰਪਾ ਨਾਲ ਜੋ ਉੱਥੋਂ ਮਰਯਾਦਾ ਪ੍ਰਾਪਤ ਹੋਈ, ਉਹ ਸੰਤ ਖਾਲਸਾ ਦੀ ਸਾਜਨਾ ਤੋਂ ਬਾਅਦ ਲੋਕਾਈ ਵਿੱਚ ਪ੍ਰਚਾਰੀ ਗਈ। ਇੱਥੇ ਹੀ ਬਸ ਨਹੀਂ, ਉਹਨਾਂ ਨੇ ਧਰਮ ਨੂੰ ਹੋਰ ਤੇਜ਼ ਕਰਨ ਲਈ ਸ੍ਰੀ ਭੈਣੀ ਸਾਹਿਬ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਜਿਹਨਾਂ ਨੂੰ ਇਸ ਪ੍ਰਕਾਰ ਵੱਖ ਵੱਖ ਇਲਾਕਿਆਂ ਦੀ ਜ਼ੁੰਮੇਵਾਰੀ ਵੰਡੀ ਗਈ-

1. ਬਾਬਾ ਜਵਾਹਰ ਸਿੰਘ-ਤਖਤੂਪੁਰਾ ਤੇ ਮੁਕਤਸਰ

2. ਬਾਬਾ ਕਾਹਨ ਸਿੰਘ ਨਿਹੰਗ-ਨਾਭਾ, ਪਟਿਆਲਾ ਤੇ ਸੰਗਰੂਰ

3. ਬਾਬਾ ਲੱਖਾ ਸਿੰਘ-ਦੁਆਬਾ

4. ਬਾਬਾ ਸਾਹਿਬ ਸਿੰਘ-ਬਿਆਸ ਤੋਂ ਪਾਰ ਮਾਝਾ ਤੇ ਹੋਰ ਇਲਾਕਾ

5. ਬਾਬਾ ਸੁੱਧ ਸਿੰਘ-ਮੈਨ ਦੁਆਬ।

ਬਾਅਦ ਵਿੱਚ ਸਤਿਗੁਰਾਂ ਹੁਕਮ ਨਾਲ ਇਹ ਛੇ ਮੈਂਬਰਾਂ ਨੂੰ ਸੂਬਿਆਂ ਦੀ ਪਦਵੀ ਬਖਸ਼ੀ ਸੀ। ਆਪ ਜੀ ਨੇ ਗੁਰਬਾਣੀ ਕੀਰਤਨ ਨੂੰ ਪਹਿਲ ਦਿੱਤੀ ਅਤੇ ਅਲੋਪ ਹੋ ਚੁੱਕੀਆਂ ਗੁਰਬਾਣੀ ਦੀਆਂ ਗਾਇਨ ਸ਼ੈਲੀਆਂ ਜੋ ਦਸ ਗੁਰੂ ਸਾਹਿਬਾਨ ਦੇ ਸਮੇਂ ਪ੍ਰਚਲਤ ਸਨ, ਉਹਨਾਂ ਨੂੰ ਲੋਕਾਈ ਵਿੱਚ ਮੁੜ ਪ੍ਰਚਾਰਿਆ। ਉਸ ਕੰਮ ਲਈ ਸਭ ਤੋਂ ਪਹਿਲਾਂ ਸਤਿਗੁਰਾਂ ਦੀ ਨਜ਼ਰ ਪਿੰਡ ਧੁਲੇਤੇ (ਜ਼ਿਲ੍ਹਾ ਜਲੰਧਰ) ਦੇ ਇੱਕ ਮਰਾਸੀ ਗਵਈਏ ਦਿੱਤੂ ਤੇ ਪਈ, ਜਿਸ ਨੂੰ ਆਪ ਜੀ ਨੇ ਇੱਕ ਮਹਾਨ ਕੀਰਤਨੀਆ ਹੋਣ ਦਾ ਵਰ ਦਿੱਤਾ ਅਤੇ ਇਸ ਪ੍ਰਕਾਰ ਹੋਰ ਵੀ ਰਾਗੀ ਪੈਦਾ ਕਰਕੇ ਰਾਗੀ ਜਥਿਆਂ ਨੂੰ ਵੱਖੋ ਵੱਖ ਇਲਾਕੇ ਧਰਮ ਪ੍ਰਚਾਰ ਲਈ ਵੰਡੇ, ਜੋ ਇਸ ਪ੍ਰਕਾਸ ਸਨ-

1. ਰਾਗੀ ਜਥਾ ਭਾਈ ਦਿੱਤੂ ਤੇ ਭਾਈ ਫਕੀਰੀਆ-ਜ਼ਿਲ੍ਹਾ ਸਿਆਲਕੋਟ ਦਾ ਇਲਾਕਾ

2. ਰਾਗੀ ਜਥਾ ਭਾਈ ਤਾਰਾ ਸਿੰਘ ਤੇ ਭਾਈ ਪਾਲਦੀ-ਅਟਾਰੀ ਵਾਲੇ-ਮਾਝੇ ਦਾ ਇਲਾਕਾ

3. ਰਾਗੀ ਜਥਾ ਭਾਈ ਪ੍ਰੇਮ ਸਿੰਘ ਕ੍ਰਿਪਾਲ ਸਿੰਘ ਭਦੌੜ-ਮਾਲਵੇ ਦਾ ਇਲਾਕਾ

4. ਰਾਗੀ ਜਥਾ ਭਾਈ ਸੂਬਾ ਸਿੰਘ-ਦੁਆਬੇ ਦਾ ਇਲਾਕਾ

5.ਢਾਢੀ ਜਥਾ ਭਾਈ ਪਸ਼ੌਰਾ ਸਿੰਘ ਤੇ ਭਾਈ ਸੰਤ ਮਲੀਆਂ ਦੀ ਤਲਵੰਡੀ ਨੂੰ ਸਾਰੇ ਪੰਜਾਬ ਵਿੱਚ ਫਿਰਨ ਦਾ ਹੁਕਮ ਹੋਇਆ।

ਇਹਨਾਂ ਤੋਂ ਬਿਨਾਂ ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ ਭੈਣੀ ਸਾਹਿਬ ਦੇ ਹਜ਼ੂਰੀ ਰਾਗੀਆਂ ਵਿੱਚੋਂ ਸਨ, ਜਿਨ੍ਹਾਂ ਵਿੱਚੋਂ ਸਮੇਂ ਸਮੇਂ ਲੋੜ ਅਨੁਸਾਰ ਵੱਖ ਵੱਖ ਇਲਾਕਿਆਂ ਵਿੱਚ ਭੇਜਿਆ ਜਾਂਦਾ ਸੀ। ਸਤਿਗੁਰਾਂ ਦੀ ਕਿਰਪਾ ਸਦਕਾ ਪੰਜਾਬ ਵਿੱਚ ਘਰ ਘਰ ਧਰਮਸ਼ਾਲਾਵਾਂ ਬਣ ਗਈਆਂ। ਸ੍ਰੀ ਭੈਣੀ ਸਾਹਿਬ ਤੋਂ ਬਾਹਰ ਸਾਰੇ ਪੰਜਾਬ ਵਿੱਚ ਸਵੇਰ, ਸ਼ਾਮ ਦੀਵਾਨ ਲੱਗਣ ਲੱਗੇ। ਨਾਮਧਾਰੀ ਸਿੰਘ ਢੋਲਕੀ, ਖੜਤਾਲਾਂ ਨਾਲ ਕੀਰਤਨ ਕਰਨ ਲੱਗੇ ਅਤੇ ਅੰਮ੍ਰਿਤ ਛਕਾਉਣ ਦੀ ਪਿਰਤ ਨੂੰ ਮੁੜ ਸੁਰਜੀਤ ਕੀਤਾ। ਸਤਿਗੁਰਾਂ ਦੀ ਕਿਰਪਾ ਸਦਕਾ ਸਭ ਪਾਸੇ ਸਤਿਜੁਗ ਵਰਤ ਗਿਆ। ਉਹਨਾਂ ਦੀ ਕੀਤੀ ਕਿਰਪਾ ਬਾਰੇ ਗਿਆਨੀ ਗਿਆਨ ਸਿੰਘ ਪੁਸਤਕ 'ਪੰਥ ਪ੍ਰਕਾਸ਼'ਵਿੱਚ ਇਸ ਪ੍ਰਕਾਰ ਲਿਖਦੇ ਹਨ:-

ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ,

ਰਾਮ ਮਿਰਗੇਸ ਉਪਦੇਸ ਦੈਨ ਲਾਗਯੋ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਜੋ ਕੇ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਯੋ।
ਫੈਲਜੋ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਯੋ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆਗਯੋ।

ਸਤਿਗੁਰੂ ਜੀ ਸਮੇਂ ਸਮੇਂ ਵੱਖ ਵੱਖ ਇਲਾਕਿਆਂ ਦੇ ਧਰਮ ਪ੍ਰਚਾਰ ਦੇ ਦੌਰੇ ਕਰਦੇ ਅਤੇ ਹੁਕਮਨਾਮੇ ਜਾਰੀ ਕਰਕੇ ਲੋਕਾਈ ਨੂੰ ਕੁਰੀਤੀਆਂ ਬਾਰੇ ਸੁਚੇਤ ਕਰਦੇ ਰਹਿੰਦੇ ਸਨ। ਆਪ ਜੀ ਨੇ ਬਾਲ ਵਿਆਹ, ਜੰਮਦਿਆਂ ਕੁੜੀ ਮਾਰਨੀ, ਦਾਜ ਦਹੇਜ ਲੈਣਾ ਆਦਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਈ ਅਤੇ ਬੀਬੀਆਂ ਨੂੰ ਅੱਖਰ ਪੜ੍ਹਨ ਦੀ ਪ੍ਰੇਰਨਾ ਕੀਤੀ ਅਤੇ ਅਨੇਕ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਜਾ ਕੇ ਜਿੱਥੇ ਕਦੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ ਅਤੇ ਬੀੜਾਂ ਆਲਿਆਂ ਬੁਖਾਰਿਆਂ ਵਿੱਚ ਗਲ ਸੜ ਰਹੀਆਂ ਸਨ, ਉਹਨਾਂ ਦੀ ਸਤਿਕਾਰ ਸਹਿਤ ਸਾਂਭ ਸੰਭਾਲ ਕਰਨੀ ਸਿੱਖਾਂ ਨੂੰ ਸਿਖਾਈ ਅਤੇ ਉਹਨਾਂ ਦੇ ਪ੍ਰਕਾਸ਼ ਕਰਨ ਦੀ ਮਰਯਾਦਾ ਦੱਸੀ। ਉਹਨਾਂ ਕਾਰਜਾਂ ਦੇ ਨਾਲ ਸਤਿਗੁਰਾਂ ਨੇ ਲੋਕਾਈ ਨੂੰ ਅਹਿਸਾਸ ਕਰਵਾਇਆ ਕਿ ਉਹ ਅੰਗਰੇਜ਼ ਦੇ ਗੁਲਾਮ ਹਨ ਅਤੇ ਗੁਲਾਮੀ ਚੰਗੀ ਨਹੀਂ ਹੈ, ਇਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਸਤਿਗੁਰੂ ਜੀ ਧਰਮ ਪ੍ਰਚਾਰ ਦੇ ਦੌਰੇ ਵੀ ਕਰਦੇ, ਲੋਕਾਂ ਨੂੰ ਅੰਗਰੇਜ਼ ਸਰਕਾਰ ਵਿਰੁੱਧ ਲਾਮਬੰਦ ਵੀ ਕਰਦੇ। ਇਸ ਪ੍ਰਕਾਰ ਉਹਨਾਂ ਨੇ ਹਿੰਦੋਸਤਾਨ ਵਾਸੀਆਂ ਦਾ ਨੈਤਿਕ ਪੱਧਰ ਤੇ ਸਦਾਚਾਰਕ ਪੱਖ ਉੱਚਾ ਕੀਤਾ ਅਤੇ ਜੰਗੇ ਆਜ਼ਾਦੀ ਦੀ ਨੀਂਹ ਸ੍ਰੀ ਭੈਣੀ ਸਾਹਿਬ ਤੋਂ ਰੱਖੀ। ਛੇਤੀ ਹੀ ਸ੍ਰੀ ਭੈਣੀ ਸਾਹਿਬ ਅਧਿਆਤਮਕ ਪੰਥ ਦੇ ਅਭਿਲਾਸ਼ੀਆਂ ਲਈ ਇਕ ਤੀਰਥ ਬਣ ਗਿਆ ਤੇ ਛੇਤੀ ਹੀ ਅੰਗਰੇਜ਼ੀ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ ਪਰੰਤੂ ਹਿੰਦੋਸਤਾਨ ਨਿਵਾਸੀ ਨਿਡਰ ਤੇ ਨਿਰਭੈ ਹੋ ਕੇ ਸ੍ਰੀ ਭੈਣੀ ਸਾਹਿਬ ਆਉਣ ਲੱਗੇ ਅਤੇ ਸਤਿਗੁਰਾਂ ਤੋਂ ਪ੍ਰੇਰਨਾ ਤੇ ਅਗਵਾਈ ਪ੍ਰਾਪਤ ਕਰਦੇ ਰਹੇ।

**–ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**ਪਿੰਡ–ਜੀਆ ਨੱਥਾ, ਡਾਕਖਾਨਾ–ਖੁੱਡਾ–144305**
**ਜ਼ਿਲ੍ਹਾ–ਹੁਸ਼ਿਆਰਪੁਰ**
**ਮੋਬਾਈਲ–94177–69103**

# ਕੁੰਡਲੀਆ ਛੰਦ

ਰਾਮ ਮ੍ਰਿਗੇਸ਼ ਬਿਸ਼ੇਸ਼ ਜਸ,
ਨਿਸ[1] ਸਸ[2] ਅਹਿ[3] ਜਿਮ ਭਾਨ[4]।

ਬੇਦ[5] ਭੇਦ ਨਹਿ ਲਖ ਸਕੇ,
ਸਿਮ੍ਰਿਤਿ[6] ਸਕਲ ਪੁਰਾਣ[7]।

ਸਿਮ੍ਰਿਤਿ ਸਕਲ ਪੁਰਾਣ,
ਬ੍ਰਹਮ ਅਰ ਬਿਸਨ ਮਹਾਂ ਸਿਵ।

ਬਿਆਸ ਪਰਾਸਰ ਸਨਕਾਦਿ,
ਨਹਿ ਪਾਏ ਰੰਚ[8] ਭਿਵ[9]।

ਆਦਿ ਅੰਤ ਵਿਆਪਕ ਸਥਿਰ,
ਵਿਸਵ–ਭਰਨ[10] ਸੁਖ ਧਾਮ।

ਕਵਿ 'ਮ੍ਰਿਗੇਸ਼' ਨ ਏਕ ਛਿਨ,
ਹੀਏ[11] ਟਰੋ[12] ਹਰਿ ਰਾਮ।

**–ਭਾਈ ਨਿਰੰਜਨ ਸਿੰਘ 'ਮ੍ਰਿਗੇਸ਼'**

| | |
|---|---|
| 1. ਰਾਤ | 2. ਚੰਦਰਮਾ |
| 3.ਦਿਨ | 4. ਸੂਰਜ |
| 5. ਚਾਰ ਵੇਦ | 6. 27 ਸਿਮਰਤੀਆਂ |
| 7. 18 ਪੁਰਾਣ | 8. ਥੋਰੜਾ ਵੀ |
| 9. ਭੇਦ | 10. ਜਗਤ ਪਾਲਕ |
| 11. ਹਿਰਦੇ ਵਿਚੋਂ | 12. ਵਿਸਰੋ |

# ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ
## ਬਹੁਪੱਖੀ ਅਧਿਐਨ

✍– ਜਸਵੰਤ ਸਿੰਘ ਮਸਤ

ਮੱਧਕਾਲ ਦੌਰਾਨ ਅਜਿਹੇ ਅਨੇਕਾਂ ਗ੍ਰੰਥ ਜਾਂ ਪੁਸਤਕਾਂ ਲਿਖੀਆਂ ਗਈਆਂ। ਜਿਨ੍ਹਾਂ ਦੇ ਨਾਂ ਨਾਲ ਬਿਲਾਸ ਲੱਗਿਆ ਹੋਇਆ ਮਿਲਦਾ ਹੈ। ਪੰਜਾਬੀ ਵਿਚ ਹੀ ਨਹੀਂ ਸਗੋਂ ਹਿੰਦੀ ਸਾਹਿਤ ਦੇ ਵਿੱਚ ਵੀ ਅਜਿਹੀਆਂ ਰਚਨਾਵਾਂ ਮਿਲਦੀਆਂ ਹਨ। ਡਾ. ਜੈ ਭਗਵਾਨ ਗੋਇਲ 1970 ਦੌਰਾਨ ਦੇਵਨਾਗਰੀ ਲਿਪੀ ਵਿਚ ਛਪੇ 'ਗੁਰੂ ਬਿਲਾਸ' ਕ੍ਰਿਤ ਸੁਖਾ ਸਿੰਘ ਦੀ ਭੂਮਿਕਾ ਵਿੱਚ ਲਿਖਦੇ ਹਨ (ਜੋ ਹੁਣ ਗੁਰਮੁਖੀ ਲਿਪੀ ਵਿਚ ਅਨੁਵਾਦ ਕਰਕੇ ਪੇਸ਼ ਕਰ ਰਿਹਾ ਹਾਂ) – "ਹਿੰਦੀ ਮੇਂ ਚਾਲੀਸ ਸੇ ਅਧਿਕ ਐਸੇ ਕਾਵਯ-ਗ੍ਰੰਥ ਉਪਲਬਧ ਹੈਂ ਜਿਨਕੇ ਸਾਥ 'ਵਿਲਾਸ' ਨਾਮ ਲਗਾ ਹੋਆ ਹੈ। ਸਤਾਰਵੀਂ ਸ਼ਤੀ ਮੇਂ 19ਵੀਂ ਸ਼ਤੀ ਤੱਕ ਐਸੇ ਕਾਵਯ-ਗ੍ਰੰਥ ਬਰਾਬਰ ਲਿਖੇ ਜਾਤੇ ਰਹੇ। ਇਨਮੇਂ 'ਕਾਵਯ ਵਿਲਾਸ' (ਪ੍ਰਤਾਪ ਸਿੰਹ), 'ਵਿਸ਼ਣੂ ਵਿਲਾਸ' (ਲਾਲ), ...... ਆਦਿ ਜੈਸੇ ਰਚਿਤ ਕਾਵਯ ਸੰਮਿਲਿਤ ਹੈਂ।[1]" ਇਨ੍ਹਾਂ ਦੇ ਵਿਚ ਅਧਿਆਤਮਕ ਤੇ ਸੰਸਾਰਕ ਦੋਵੇਂ ਤਰ੍ਹਾਂ ਦੇ ਕਾਵਿ ਸ਼ਾਮਲ ਹਨ। ਇਕ ਥਾਂ ਤੇ ਹੋਰ ਡਾ. ਭਗਵਾਨ ਦਾਸ ਗੋਇਲ ਕਾਵਿ ਵਿਲਾਸ ਅਤੇ ਗੁਰੂ ਬਿਲਾਸ ਦਾ ਅਰਥ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ-(ਇਸਨੂੰ ਵੀ ਗੁਰਮੁਖੀ ਲਿਪੀ ਨਾਲ ਅਨੁਵਾਦ ਕਰਕੇ ਦੇ ਰਿਹਾ ਹਾਂ। "ਦੇਵ ਕੇ 'ਜਾਤਿ ਵਿਲਾਸ' ਮੇਂ ਵਿਭਿੰਨ ਪ੍ਰਦੇਸੋਂ ਕੀ ਇਸਤਰੀਓਂ ਕਾ ਵਰਣਨ ਹੈ ਔਰ 'ਬਨਾਰਸੀ-ਵਿਲਾਸ' ਔਰ 'ਵਾਗਿਵਲਾਸ' ਜੈਸੇ ਕੁਛ ਐਸੇ ਭੀ ਗ੍ਰੰਥ ਹੈਂ ਜਿਨਮੇਂ ਸਫੁਟ (ਫੁਟਕਲ) ਛੰਦੋਂ ਕਾ ਸੰਗ੍ਰਹਿ ਹੈ। ਸਪਸ਼ਟ ਹੈ ਕਿ ਵਿਲਾਸ ਕਾਵਯ ਕਿਸੀ ਵਸਿਸ਼ਟ ਪ੍ਰਵਿਰਤੀ ਕਾ ਪਰਿਚਾਯਕ ਨਹੀਂ ਹੈ। ਵੈਸੇ ਵਿਲਾਸ ਕਾਵਯੋਂ ਕੋ ਚਰਿਤ, ਰੂਪਕ, ਪ੍ਰਕਾਸ਼ ਰਾਸੋ ਆਦਿ ਕੀ ਭਾਤਿ ਚਰਿਤ ਕਾਵਯ ਹੀ ਸਮਝਾ ਜਾਤਾ ਹੈ। 'ਗੁਰੂ ਵਿਲਾਸ' ਮੇਂ ਯਧਪ (ਭਾਵੇਂ) ਏਕ ਸਥਾਨ ਪਰ 'ਵਿਲਾਸ' ਕੇ ਕੌਤਕ (ਲੀਲ੍ਹਾ) ਅਰਥ ਕਾ ਭੀ ਸੰਕੇਤ ਮਿਲਤਾ ਹੈ। ਲੇਕਿਨ ਇਸਕੇ ਵਿਸ਼ਯ-ਵਸਤੂ ਅਰਥ ਕਾ ਭੀ ਸੰਕੇਤ ਮਿਲਤਾ ਹੈ। ਲੇਕਿਨ ਇਸਕੇ ਵਿਸ਼ਯ-ਵਸਤੂ ਸੇ ਯਹ ਸਪਸ਼ਟ ਹੈ ਕਿ ਯਹ ਏਕ ਚਰਿਤ ਕਾਵਯ ਹੀ ਹੈ। ਜੈਸੇ 'ਬਚਿਤ੍ਰ ਨਾਟਕ' ਮੇਂ ਗੁਰੂ ਗੋਬਿੰਦ ਸਿੰਘ ਨੇ ਅਪਨੀ ਚਰਿਤ ਕਥਾ ਕਾ ਹੀ ਵਰਣਨ ਕੀਯਾ ਹੈ ਔਰ ਵਹਾਂ ਨਾਟਕ ਯਾ ਲੀਲ੍ਹਾ ਕਾ ਅਰਥ ਜੀਵਨ ਵਰਤ ਹੀ ਹੈ, ਇਸੀ ਪ੍ਰਕਾਰ 'ਗੁਰੂ ਵਿਲਾਸ' ਮੇਂ ਭੀ ਲੀਲ੍ਹਾ ਕਾ ਯਹੀ ਅਰਥ ਹੈ ਕਿ ਇਸਮੇਂ ਗੁਰੂ ਜੀ ਕਾ ਚਰਿਤ ਵਰਣਿਤ ਹੈ[2]"।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਸ ਗੁਰੂ ਬਿਲਾਸ ਵਿਚ ਭਾਈ ਸੁੱਖਾ ਸਿੰਘ ਗੁਰੂ ਗੋਬਿੰਦ ਸਿੰਘ ਦਾ ਜੀਵਨ ਲਿਖਦਾ ਹੈ। ਇਸੇ ਤਰ੍ਹਾਂ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਤੇ ਭਾਈ ਕੋਇਰ ਸਿੰਘ ਕ੍ਰਿਤ 'ਗੁਰੂ ਬਿਲਾਸ ਪਾਤਸ਼ਾਹੀ 10 ਵੀਂ' ਵਿਚ ਵੀ ਕ੍ਰਮਵਾਰ ਗੁਰੂ ਹਰਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੰਜਾਬੀ ਸਾਹਿਤ ਵਿਚ ਗੁਰੂ-ਬਿਲਾਸ ਸਿੱਖ ਗੁਰੂਆਂ ਦੇ ਜੀਵਨ ਤੇ ਆਧਾਰਿਤ ਕਾਵਿ ਰਚਨਾਵਾਂ ਹਨ। ਭਾਈ ਧਿਆਨ ਸਿੰਘ ਕਾਦਰਾਬਾਦੀ ਨੇ ਜ਼ਰੂਰ ਹੀ ਇਨ੍ਹਾਂ ਰਚਨਾਵਾਂ ਨੂੰ ਘੋਖਿਆ ਹੋਵੇਗਾ, ਕਿਉਂਕਿ ਭਾਈ ਧਿਆਨ ਸਿੰਘ ਕਾਦਰਾਬਾਦੀ ਵੀ ਜਦੋਂ ਨਾਮਧਾਰੀ ਮੱਤ ਦੇ ਰਹਿਨੁਮਾ ਗੁਰੂ ਰਾਮ ਸਿੰਘ ਦਾ ਜੀਵਨ ਲਿਖਣ ਲਈ ਕਲਮ ਉਠਾਉਂਦੇ ਹਨ ਤਾਂ ਉਹ ਵੀ ਸਤਿਗੁਰੂ ਬਿਲਾਸ ਦੇ ਰੂਪ ਵਿੱਚ ਹੀ ਗੁਰੂ ਰਾਮ ਸਿੰਘ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਕਾਨੀ-ਬੰਦ ਕਰਦੇ ਹਨ। ਭਾਈ ਜੀ ਖੁਦ ਲਿਖਦੇ ਹਨ ਕਿ:-

ਗੁਰ ਚਰਿਤਰ ਕੋ ਲਿਖਨ ਕਾ
ਉਪਜਾ ਮੋ ਮਨ ਚਾਇ।[3]

"ਇਸਦਾ ਲੇਖਕ ਇਕ ਨਾਮਧਾਰੀ ਸੰਤ ਹੈ। ਨਾਮ ਧਿਆਨ ਸਿੰਘ, ਵਾਸੀ ਕਾਦਰਾਬਾਦ ਜਿਲ੍ਹਾ ਮਿੰਟਗੁਮਰੀ (ਅੱਜ ਕਲ੍ਹ ਪਾਕਿਸਤਾਨ)। ਜਨਮ ਵੈਸਾਖ ਦੀ 25 ਸੰਮਤ 1909 ਨੂੰ ਹੋਇਆ। ਬਚਪਨ ਵਿਚ ਹੀ ਸੰਤਾਂ ਜਿਹੇ ਲੱਛਣ ਪ੍ਰਗਟ ਹੋਣ ਲੱਗੇ। ਚੁੱਪ ਰਹਿਣਾ, 'ਕੱਲਿਆਂ ਬੈਠ ਸਮਾਧੀ ਸਥਿਤ ਹੋਣਾ।' ਸਤਿਸੰਗ ਲਈ ਗੁਰਦੁਆਰੇ ਜਾਣਾ। ਗੁਰਮੁਖੀ ਅੱਖਰ ਬਾਬਾ ਚਰਨ ਸਿੰਘ ਤੋਂ ਸਿੱਖੇ। ਗੁਰਮੁਖੀ ਤੋਂ ਜਾਣੂ ਹੋ ਕੇ ਇਕ ਮੌਲਵੀ ਤੋਂ ਕੁਰਾਨ ਦੇ ਮਾਅਨੇ ਪੜ੍ਹੇ ਇਸਨੂੰ ਹਿਫਜ਼ ਕੀਤਾ। ਪੰਜ ਜਮਾਤਾਂ ਤੱਕ ਉਰਦੂ ਫਾਰਸੀ ਦੀ ਤਾਲੀਮ ਆਪਣੇ ਗੁਆਂਢੀ ਪਿੰਡੋਂ (ਜੇਠਪੁਰ) ਪਾਈ। ਅੰਗ੍ਰੇਜ਼ੀ ਦੀ ਵੀ ਚੰਗੀ ਵਾਕਫੀ ਹੋ ਗਈ। ਆਪਣੇ ਸੰਗੀਆਂ ਨਾਲ ਸੁਆਦਲੀ ਚਰਚਾ ਹੋਣ ਲੱਗੀ। ਸ਼ੁਹਰਤ ਚੁਤਰਫੀ ਫੈਲ ਗਈ। ਕਥਾ ਵਾਰਤਾ ਸੁਣ ਕੇ ਸ੍ਰੋਤੇ ਨਿਉਛਾਵਰ ਹੋਣ

ਲੱਗੇ। ਆਲੇ ਦੁਆਲੇ ਹਰਿ ਚਰਚਾ ਤੇ ਸਤਿਸੰਗ ਕਰਕੇ ਚੰਗਾ ਵਾਯੂਮੰਡਲ ਕਾਇਮ ਕਰ ਲਿਆ। ਜ਼ਰਾ ਕੁ ਵਡੇਰੇ ਹੋ ਦਰਬਾਰ ਸਾਹਿਬ ਦੇ ਅਖੰਡ ਪਾਠੀ ਹੋਣ ਦੀ ਮੇਹਨਤ ਕੀਤੀ। ਇਸ ਪਾਸੇ ਏਨੀਂ ਪ੍ਰਵਿਰਤੀ ਵਧੀ ਕਿ ਅਠੀਂ ਪਹਿਰੀ ਇਕੋ ਚੌਂਕੜੇ ਤੇ ਪਾਠ ਕਰਕੇ ਭੋਗ ਪਾਇਆ ਜਾਂਦਾ। ਦੁਆਲੇ ਦੇ ਪਿੰਡਾਂ ਵਿਚ ਪਾਠਾਂ ਦਾ ਚੰਗਾ ਅਸਰ ਹੋਇਆ। ਸੱਦੇ ਤੇ ਸੱਦਾ ਆਇਆ ਕਰੇ। ਖ਼ਾਸਕਰ ਕਈ ਨਾਮਧਾਰੀ ਸਿੰਘ ਉਚੇਚੇ ਪਾਠ ਕਰਵਾਇਆ ਕਰਦੇ। ਸੰਤ ਵ੍ਰਿਤੀ ਵਿਚ ਉਦੋਂ ਇਕ ਜਬਰਦਸਤੀ ਉਥਲ-ਪੁਥਲ ਹੋ ਗਈ, ਜਦੋਂ ਸ੍ਰੀ ਸਤਿਗੁਰੂ ਹਰੀ ਵਿਚ ਜੀ ਦੀ ਹਜ਼ੂਰੀ ਵਿਚ ਭਜਨ ਪੁੱਛਿਆ ਗਿਆ।

ਨਾਮ ਦੀ ਰੰਗਣ ਚੜ੍ਹ ਗਈ, ਅੱਠੇ ਪਹਿਰ ਏਸੇ ਲਿਵ ਵਿਚ ਗੁਜ਼ਰਨ ਲੱਗੇ। ਵੇਸ਼ ਭੂਸਾ ਨਾਮਧਾਰੀਆਂ ਜੈਸੀ ਹੋ ਗਈ। ਕਵਿਤਾ ਦਾ ਠਰਕ ਵੀ ਆਪ ਨੂੰ ਏਨ੍ਹੀਂ ਦਿਨੀਂ ਲੱਗਾ। ਛੋਟੇ-ਛੋਟੇ ਦੀਵਾਨਾਂ ਵਿਚ ਆਪ ਸਤਿਗੁਰੂ ਜੱਸ ਦੀਆਂ ਕਵਿਤਾਵਾਂ ਬਣਾ ਕੇ ਸੁਣਾਂਦੇ। ਸਹਿਜੇ-ਸਹਿਜੇ ਸੰਤ ਕਾਵਿ ਕਲਾ ਵਿਚ ਖਾਸੇ ਨਿਪੁੰਨ ਹੋ ਗਏ। ਸਥਾਨਿਕ ਮੇਲਿਆਂ ਵਿੱਚ ਆਪਦੀ ਕਵਿਤਾ ਰੰਗ ਖਿੜਾਉਣ ਲੱਗੀ। ਭਜਨ ਪੁੱਛਣ ਤੋਂ ਬਾਦ ਘਰ-ਬਾਰ ਤੋਂ ਨਿਰਮੋਹ ਹੋ ਕੇ ਸੰਤ ਸਮਾਗਮਾਂ ਤੇ ਸਤਿਗੁਰੂ ਚਰਨਾਂ ਵਿਚ ਹੀ ਬਾਹਲਾ ਸਮਾਂ ਰਹੇ।[4]

....ਆਪ ਦੀ ਪਹਿਲੀ ਸ਼ਾਦੀ ਸ੍ਰ. ਝੰਡਾ ਸਿੰਘ ਥਾਣੇਦਾਰ ਦੀਪਾਲਪੁਰ ਦੀ ਸਪੁੱਤਰੀ ਨਰੈਣ ਕੌਰ ਨਾਲ ਹੋਈ। ਏਹ ਬੀਬੀ ਜਦ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਗਈ ਤਾਂ ਵਾਪਸ ਨਾ ਪਰਤੀ। ਪਤਾ ਨਹੀਂ ਲੱਗ ਸਕਿਆ ਸ਼ਾਇਦ ਕਿਤੇ ਡੁੱਬ ਗਈ। ਦੂਜਾ ਵਿਆਹ ਰਾਠੌੜ ਸਿੰਘਾਂ ਦੇ ਕਿਸੇ ਚੰਗੇ ਉੱਚੇ ਘਰਾਣੇ ਦਾ ਕੀਤਾ। ਬੀਬੀ ਦਾ ਨਾਮ ਪਾਰਬਤੀ ਸੀ। ਸੰਤਾਨ ਦੋਹਾਂ ਪਤਨੀਆਂ ਚੋਂ ਨਹੀਂ ਹੋਈ। ਆਪਦੀ ਸੰਤਾਨ ਆਪਦੀ ਅਮਰ ਪੁਸਤਕ ਹੈ। ਜੋ ਸਦਾ ਨਾਮਧਾਰੀ ਜਨਤਾ ਨੂੰ ਗੁਰੂ ਯਸ ਯਾਦ ਕਰਵਾਇਆ ਕਰੇਗੀ।

ਆਪ ਜੀ ਦੇ ਪਿਤਾ ਚੰਗੀ ਜ਼ਮੀਨ ਦੇ ਮਾਲਿਕ ਸਨ। ਨਾਮ ਸ੍ਰੀ ਤ੍ਰਿਲੋਕ ਸਿੰਘ ਜੀ ਅਰੋੜ ਬੰਸ ਵਿਚੋਂ ਸਨ ਤੇ ਮਾਤਾ ਦਾ ਨਾਮ ਵੀ ਨਰਾਇਣ ਕੌਰ ਸੀ। ਦੋ ਆਪ ਤੋਂ ਛੋਟੇ ਭਰਾ ਸਨ- ਭਾਈ ਹੁਕਮ ਸਿੰਘ ਤੇ ਭਾਈ ਰਣਜੀਤ ਸਿੰਘ। ਭਾਈ ਹੁਕਮ ਸਿੰਘ ਨੇ ਸੂਬਾ ਮੇਹਰ ਸਿੰਘ ਜੀ ਜ਼ਿਲਾ ਮਿੰਟਗੁਮਰੀ ਤੋਂ ਭਜਨ ਪੁੱਛਿਆ ਤੇ ਭੂਰੀਆਂ ਪਾ ਕੇ ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਮਈ ਤੇ ਸਾਦਾ ਜੀਵਨ ਬਸਰ ਕੀਤਾ।

ਸੰਤ ਜੀ ਨੇ ਇਸ ਅਸਾਰ ਸੰਸਾਰ ਦੀ 55 ਸਾਲ ਯਾਤਰਾ ਕੀਤੀ। ਬੜੀ ਪਿਆਰੀ ਤੇ ਮਿਠੀ ਜਿਹੀ ਜੀਵਨੀ ਨੂੰ 1964 ਸੰਮਤ ਵਿਚ ਤਿਆਗ ਕੇ ਪਰਮਾਤਮਾ ਵਿਚ ਲੀਨ ਹੋ ਗਏ। ਇਹ ਕੁਦਰਤੀ ਘਟਨਾ ਹੁਜਰਾ ਜ਼ਿਲ੍ਹਾ ਮਿੰਟਗੁਮਰੀ ਵਿਚ ਘਟੀ।[5]

ਆਪ ਜੀ ਹਜ਼ੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਵਿਦਯਾ ਦਾਤਾ ਸਨ।[6] ਸਤਿਗੁਰੂ ਪ੍ਰਤਾਪ ਸਿੰਘ ਜੀ ਖੁਦ ਵੀ ਰਿਕਾਰਡ ਹੋਏ ਉਪਦੇਸ਼ਾਂ ਵਿੱਚ ਇਸ ਗੱਲ ਦਾ ਜ਼ਿਕਰ ਕਰਦੇ ਹਨ। "ਜਿਹੜਾ ਸੰਤਾਂ ਦਾ ਸਤਿਗੁਰੂ ਬਿਲਾਸ ਕਦੇ ਕਦੇ ਮੈਂ ਪੜ੍ਹਦਾ ਰਿਹਾ ਹਾਂ, ਧਿਆਨ ਸਿੰਘ ਹੁਰਾਂ ਦਾ ਤੁਸਾਂ ਦੇਖਿਆ ਹੈ। ਇਹਨਾਂ ਮਹਾਤਮਾਂ ਕੋਲ ਮੈਂ ਪੜ੍ਹਦਾ ਰਿਹਾ ਹਾਂ।[7]"

ਇਸ ਗ੍ਰੰਥ ਦੀ ਰਚਨਾ ਦੇ ਸਮੇਂ ਦੀ ਗੱਲ ਕਰਦਿਆਂ ਸੁਵਰਨ ਸਿੰਘ ਵਿਰਕ ਹੁਰੀਂ ਲਿਖਦੇ ਹਨ। "ਇਸ ਗ੍ਰੰਥ ਦੀ ਰਚਨਾ ਦਾ ਸਮਾਂ 1904 ਈ ਤੋਂ ਲੈ ਕੇ 1906 ਈ. ਦਾ ਪਹਿਲਾ ਅੱਧ ਹੋ ਸਕਦਾ ਹੈ। ਕਿਉਂਕਿ ਇਸ ਵਿਚ 1904 ਈ. ਜਾਂ 1961 ਬਿਕ੍ਰਮੀ ਵਿਚ ਸੰਤ ਜੀ ਦਾ ਨਨਕਾਣਾ ਸਾਹਿਬ ਦਰਸ਼ਨ ਕਰਨ ਜਾਣ ਅਤੇ ਉਥੋਂ ਡੱਫਰਕਾ (ਲਾਹੌਰ) ਦੇ ਪਿੰਡ ਦੇ ਭਾਈ ਸ਼ੇਰ ਵਿਚ ਦੇ ਘਰ ਪਾਠਾਂ ਦੇ ਭੋਗ ਸਮੇਂ ਮੇਲੇ 'ਤੇ ਪਹੁੰਚਣ ਦਾ ਜਿਕਰ ਹੈ ਜਿਥੇ ਉਹਨਾਂ ਨੂੰ ਰਾਜਾ ਜੰਗ (ਲਾਹੌਰ) ਦੇ ਸੂਬਾ ਕੇਸਰ ਸਿਘ 1871 ਈ. ਦੇ ਸਤਿਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਹੋਲੇ ਤੇ ਜਾਣ ਦਾ ਪ੍ਰਸੰਗ ਸੁਣਾਉਂਦੇ ਹਨ, ਜੋ ਭਾਈ ਜੀ ਕਾਨੀਬੰਦ ਕਰ ਲੈਂਦੇ ਹਨ।[8]"

ਮੈਂ ਵਿਰਕ ਸਾਹਿਬ ਦੀ ਨਨਕਾਣਾ ਸਾਹਿਬ ਜਾਂ ਸੂਬਾ ਜੀ ਵਾਲੀ ਗੱਲ ਨਾਲ ਤਾਂ ਸਹਿਮਤ ਹਾਂ ਪਰ 1904 ਤੋਂ 1906 ਵਾਲੀ ਗੱਲ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਭਾਈ ਧਿਆਨ ਸਿੰਘ ਕਾਦਰਾਬਾਦੀ ਨਨਕਾਣਾ ਸਾਹਿਬ ਜਾਣ ਦੀ ਤਰੀਕ ਜੇਠ 1954 ਬਿ. ਸੰਮਤ (ਇਸ ਹਿਸਾਬ ਨਾਲ ਈਸਵੀ ਜੂਨ 1898 ਬਣਦੀ ਹੈ) ਲਿਖਦੇ ਹਨ।

ਏਕੰਕਾਰ ਅਕਾਰ ਗੁਰ ਨਾਨਕ ਭਵ ਅਸਥਾਨ।
ਸ੍ਰੀ ਨਨਕਾਣਾ ਦਰਸ ਹਿਤ ਪਹੁੰਚਾ ਸਿੰਘ ਧਿਆਨ॥
ਸੰਮਤ ਉਨੀ ਸਤ ਚਵਨ ਜੇਠ ਇਕਤੀ ਜਾਨ।
ਥਿਤਿ ਇਕਾਦਸ ਨਿਰਜਲਾ ਸ਼ੁਕਰਵਾਰ ਪਛਾਨ॥[9]

ਹੋ ਸਕਦਾ ਹੈ ਵਿਰਕ ਸਾਹਿਬ ਨੂੰ ਕੋਈ ਭੁਲੇਖਾ ਲੱਗ ਗਿਆ ਹੋਵੇ। ਕਿਉਂਕਿ ਉਪਰੋਕਤ ਤੁਕਾਂ ਮੈਂ 1942 ਤੇ 1998 ਵਾਲੇ ਦੋਵੇਂ ਐਡੀਸ਼ਨਾਂ ਵਿਚ ਦੇਖੀਆਂ ਹਨ। ਇਸ ਲਈ ਮੇਰਾ ਮੰਨਣਾ ਹੈ ਕਿ ਇਹ ਰਚਨਾ 1895 ਤੋਂ ਲੈ ਕੇ 19 ਵੀਂ ਸਦੀ ਦੇ ਮੁਢਲੇ 1, 2 ਸਾਲਾਂ ਵਿਚ ਲਿਖੀ ਹੋਵੇਗੀ। ਵੈਸੇ ਭਾਈ ਜੀ 1964 ਬਿ. ਸੰਮਤ ਦੇ ਹਿਸਾਬ ਨਾਲ 1907 ਜਾਂ 1908 ਈ. ਦੇ ਸ਼ੁਰੂ ਵਿਚ ਚੜ੍ਹਾਈ ਵੀ ਕਰ ਜਾਂਦੇ ਹਨ। 'ਤਾਰਾ ਸਿੰਘ ਅਨਜਾਣ ਹੁਰੀਂ ਤਾਂ ਇਸ ਰਚਨਾ ਨੂੰ 19ਵੀਂ ਸਦੀ ਦੇ ਅੰਤ

ਵਿਚ ਹੀ ਰਚੀ ਗਈ ਮੰਨਦੇ ਹਨ।[10] ਇਹ ਪੁਸਤਕ ਜਾਂ ਗ੍ਰੰਥ ਹੁਣ ਤੱਕ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵੱਲੋਂ ਤਿੰਨ ਵਾਰੀ ਅਤੇ ਸੰਤ ਮੰਗਲ ਸਿੰਘ ਨੀਲਧਾਰੀ ਵੱਲੋਂ ਵੀ ਇੱਕ ਵਾਰ ਛਪ ਚੁੱਕੀ ਹੈ।[11]

ਗੁਰੂ ਪਿਆਰ ਨਾਲ ਲਬਰੇਜ਼ ਭਾਈ ਧਿਆਨ ਸਿੰਘ ਜਦੋਂ ਆਪਣੀ ਵਿੱਦਿਆ ਦੁਆਰਾ 19ਵੀਂ ਸਦੀ ਅਤੇ ਸੁਤੰਤਰਤਾ ਸੰਗਰਾਮ ਰੂਪੀ ਯੁੱਗ ਦੇ ਨਾਇਕ ਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਵਰਨਣ ਕਰਦਾ ਹੈ ਤਾਂ ਸਤਿਗੁਰੂ ਬਿਲਾਸ ਵਰਗੀ ਭਗਤੀ ਰਸ ਨਾਲ ਭਰਪੂਰ ਰਚਨਾ ਸਾਹਮਣੇ ਆਉਂਦੀ ਹੈ। ਇਹ ਪੁਸਤਕ ਜਿੱਥੇ ਸਾਹਿਤਕ ਹੈ ਉਥੇ ਇਤਿਹਾਸਕ ਮਹੱਤਤਾ ਵੀ ਰੱਖਦੀ ਹੈ।

"ਇਹ ਪੁਸਤਕ ਮੁੱਖ ਰੂਪ ਵਿਚ ਇਤਿਹਾਸਿਕ ਪੁਸਤਕ ਨਹੀਂ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੌਤਕਾਂ ਦਾ ਭਗਤੀ ਪੂਰਨ ਵਰਨਣ ਹੈ। ਫਿਰ ਵੀ ਇਸ ਪੁਸਤਕ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਨਾਮਧਾਰੀ ਸਾਮਾਜ ਦੀ ਬੁਨਿਆਦ, ਉਸਦੀ ਦੀ ਚੜ੍ਹਤ ਤੇ ਉਸ ਦੀਆਂ ਵਿਸ਼ੇਸ਼ ਇਤਿਹਾਸਿਕ ਘਟਨਾਵਾਂ ਉੱਪਰ ਇਕ ਐਸੀ ਸਟੀਕ ਟਿੱਪਣੀ ਮੌਜੂਦ ਹੈ- ਜੋ ਹੋਰ ਕਿਸੇ ਵੀ ਇਤਿਹਾਸਿਕ ਗ੍ਰੰਥ ਦੇ ਮੁਕਾਬਲੇ ਸੰਵੇਦਨਸ਼ੀਲ, ਮਨੋਵਿਗਿਆਨਿਕ ਤੇ ਇਤਿਹਾਸਕ ਪੱਖ ਤੋਂ ਪ੍ਰਮਾਣੀਕ ਹੈ।[12]"

ਇਸ ਪੁਸਤਕ ਦੇ ਇਤਿਹਾਸ ਲਿਖਣ ਦੇ ਢੰਗ ਬਾਰੇ ਗੱਲ ਕਰਦਿਆਂ ਸਾਡੇ ਉੱਘੇ ਸਾਹਿਤਕਾਰ ਸੰਤ ਇੰਦਰ ਸਿੰਘ ਚਕਰਵਰਤੀ 1942 ਵਿੱਚ ਇਕ ਥਾਂ ਤੇ ਲਿਖਦੇ ਹਨ। "ਇਤਿਹਾਸ ਕਾਇਮ ਕਰਨ ਲਈ ਸਿਆਣਿਆਂ ਨੇ ਕੁਝ ਇਕ ਧਰੁਵੇ ਕਲਪਿਤ ਕੀਤੇ ਹਨ, ਜਿੰਨ੍ਹਾਂ ਦੇ ਆਧਾਰ ਤੇ ਅਸੀਂ ਅੱਜ ਵੀ ਪੁਰਾਤਨ ਇਤਿਹਾਸ ਨੂੰ ਖੋਜ ਤੇ ਲਿਖ ਸਕਦੇ ਹਾਂ। ਉਹ ਚਿੰਨ੍ਹ ਜੋ ਸੰਸਾਰ ਤੇ ਮੁਲਕੀ ਇਤਿਹਾਸਾਂ ਲਈ ਵਰਤੇ ਜਾਂਦੇ ਹਨ, ਸੰਪ੍ਰਦਾਇ ਇਤਿਹਾਸਾਂ ਲਈ ਵੀ ਵਰਤੋਂ ਵਿਚ ਆ ਸਕਦੇ ਹਨ। ਪ੍ਰੰਤੂ ਉਹ ਸੰਪ੍ਰਦਾਇ ਜਿਸ ਦਾ ਜਨਮ ਹੋਇਆਂ ਅਜੇ ਮਸਾਂ ਸਦੀ ਹੀ ਬੀਤੀ ਹੋਵੇ ਤੇ ਬੀਤੀ ਵੀ ਹੋਵੇ ਸ਼੍ਰਧਾ ਸੰਗ੍ਰਾਮ ਵਿਚ ਅਤੇ ਰਾਜਸੀ ਦਬਾਓ ਚੱਕਰਾਂ ਹੇਠ ਉਸ ਲਈ ਇਤਿਹਾਸ ਚਿੰਨ੍ਹ ਅਜੇਹੇ ਨਹੀਂ ਹੋ ਸਕਦੇ ਜੇਹੋ ਜੇਹੇ ਕਿਸੇ ਸੁਤੰਤਰ ਕੌਮ ਜਾਂ ਮਜ਼੍ਹਬ ਦੇ ਹੋ ਸਕਦੇ ਹਨ।

ਨਾਮਧਾਰੀ ਇਤਿਹਾਸ ਦੇ ਇਤਿਹਾਸ ਸਹਾਇਕ ਚਿੰਨ੍ਹ ਉਹ ਬਜ਼ੁਰਗ ਹਨ ਜਿੰਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਕੀਤੇ ਹਨ, ਰੰਗੂਨ ਜਾ ਕੇ ਜਾਂ ਪੰਜਾਬ ਪ੍ਰਾਂਤ ਵਿਚ ਹੀ। ਦੂਸਰੇ ਉਹ ਚਿੱਠੀ ਪੱਤਰ ਜੋ ਸਰਕਾਰੀ ਕਾਰਿੰਦਿਆਂ ਵਿਚ ਨਾਮਧਾਰੀ ਪੰਥ ਦੀ ਵ੍ਰਿਧੀ ਤੇ ਇਸ ਦੇ ਦਬਾਉ ਸੰਬੰਧੀ ਕੀਤੀ ਗਈ ਹੋਵੇ। ਤੀਸਰੀ ਉਹ ਰਚਨਾ ਜੋ ਕਿਸੇ ਨਾਮਧਾਰੀ ਨੇ ਬਜ਼ੁਰਗਾਂ ਤੋਂ ਸੁਣ-ਸੁਣਾ ਕੋਈ ਟ੍ਰੈਕਟ ਵਗੈਰਾ ਛਾਪੇ ਹੋਣ ਅਤੇ ਉਹ ਗੀਤ ਜੋ ਨਾਮਧਾਰੀ ਮੱਤ ਨਾਲ ਤੁਅੱਲੁਕ ਰੱਖਦੇ ਹਨ।[13]"

ਜਿਸ ਸਮੇਂ ਇਹ ਪੁਸਤਕ ਦੀ ਰਚਨਾ ਹੋਈ ਉਸ ਸਮੇਂ ਆਪ ਨੂੰ ਅਜੇਹੇ ਸਿੱਖ ਮਿਲ ਸਕਦੇ ਸਨ। ਜਿੰਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾ ਕੇ ਦਰਸ਼ਨ ਕੀਤੇ। ਕੁਝ ਇਕ ਘਟਨਾਵਾਂ ਆਪਦੇ ਸੌਂਹੇ ਤੇ ਨਾਲ ਵਾਪਰੀਆਂ ਜਿਵੇਂ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਵਿਚ ਭਾਈ ਰਾਮ ਕੁਇਰ ਰਾਹੀਂ ਸਾਰੀ ਕਥਾ ਬਿਆਨ ਕੀਤੀ ਹੈ। ਏਸੇ ਤਰ੍ਹਾਂ ਸੰਤ ਜੀ ਨੇ ਭਾਈ ਹਰਮੀਤ ਸਿੰਘ ਜੀ ਨੂੰ ਸਤਿਗੁਰੂ ਬਿਲਾਸ ਲਈ ਚੁਣਿਆ ਹੈ। (ਇੱਥੇ ਮੈਂ ਇਹ ਸਪੱਸ਼ਟ ਕਰ ਦਿਆਂ ਕਿ ਭਾਈ ਹਰਮੀਤ ਸਿੰਘ ਤੋਂ ਬਿਨਾਂ ਕੁਝ ਪ੍ਰਸੰਗ ਭਾਈ ਰਾਇ ਸਿੰਘ ਅਤੇ ਸੂਬਾ ਕੇਸਰ ਸਿੰਘ ਰਾਜਾਜੰਗ ਨਾਲ ਵੀ ਸੰਬੰਧਿਤ ਹਨ)। ਇਸ ਪੁਸਤਕ ਨੂੰ ਅਸੀਂ ਸਮੁੱਚਾ ਨਾਮਧਾਰੀ ਇਤਿਹਾਸ ਨਹੀਂ ਕਹਿ ਸਕਦੇ ਸਗੋਂ ਇਹ ਇਕ ਸਹਾਇਕ ਪੁਸਤਕ ਹੈ।[14] ਇਸ ਵਿਚ ਨਾਮਧਾਰੀ ਇਤਿਹਾਸ ਦੀਆਂ ਕੁਝ ਅਹਿਮ ਘਟਨਾਵਾਂ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਹੋਲੇ ਤੇ ਜਾਣ, 1867 ਦੀ ਦੀਵਾਲੀ ਤੇ ਅੰਮ੍ਰਿਤਸਰ ਜਾਣ, ਗੁਰੂ ਰਾਮ ਸਿੰਘ ਜੀ ਦੇ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ, ਪੁਜਾਰੀ ਵਰਗ ਨਾਲ ਗੁਰੂ ਜੀ ਦੇ ਸੰਵਾਦ ਰਾਹੀਂ ਪੁਜਾਰੀਆਂ ਦੇ ਪਾਖੰਡ ਰੂਪੀ ਚੇਹਰੇ ਨੂੰ ਬੇਨਕਾਬ ਕਰਨ, ਅੰਮ੍ਰਿਤਸਰ, ਮਲੇਰਕੋਟਲੇ ਬੁੱਚੜ ਬੱਧ ਦੇ ਸਾਕਿਆਂ ਅਤੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਉਸਾਰੀ ਲਈ ਸਿੱਖਾਂ ਤੇ ਗੁਰੂ ਰਾਮ ਸਿੰਘ ਨੂੰ ਕੀ-ਕੀ ਜ਼ਫ਼ਰ ਜਾਲਣੇ ਪਏ ਆਦਿ ਨੂੰ ਕਲਾਤਮਕ ਤੇ ਸੰਖੇਪ ਰੂਪ ਵਿਚ ਵਰਨਣ ਕੀਤਾ ਗਿਆ ਹੈ।

ਕਿਤੇ-ਕਿਤੇ ਭਾਈ ਜੀ ਪੁਰਾਤਨ ਇਤਿਹਾਸਿਕ ਮਿਥਿਹਾਸਿਕ ਹਵਾਲੇ ਵੀ ਦਿੰਦੇ ਹਨ। ਇਸੇ ਢੰਗ ਨਾਲ ਭਾਈ ਜੀ ਭਾਵੀ ਦੇ ਨਾਲ-ਨਾਲ ਅਟੱਲ ਸਚਾਈ ਮੌਤ ਨੂੰ ਵੀ ਦਰਸਾਉਂਦੇ ਹਨ। ਨਾਮਧਾਰੀ ਸਿੱਖਾਂ ਦੀ ਦੀਵਾਨ ਸ਼ੈਲੀ ਤੇ ਜੀਵਨ ਜਾਚ ਆਦਿ ਨੂੰ ਵੀ ਆਪ ਜੀ ਬੜੇ ਵਧੀਆ ਢੰਗ ਨਾਲ ਵਰਨਣ ਕਰਦੇ ਹਨ। ਗੁਰੂ ਦਾ ਸਿੱਖ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਗੁਰੂ ਰਾਮ ਸਿੰਘ ਕਿਸ ਤਰ੍ਹਾਂ ਦੀ ਸਿੱਖੀ ਸਿੱਖਾਂ ਨੂੰ ਬਖਸ਼ ਰਹੇ ਸੀ ਭਾਈ ਜੀ ਇਸ ਗੱਲ ਦਾ ਵੀ ਬਾਖੂਬੀ ਕਈ ਥਾਂ ਤੇ ਚਿਤ੍ਰਨ ਕਰਦੇ ਹਨ। ਉਦਾਹਰਨ ਦੇ ਤੌਰ ਤੇ ਜਦੋਂ ਭਾਈ ਰਾਇ ਸਿੰਘ ਗੁਰ ਚਰਨਾਂ ਵਿਚ ਆਉਂਦੇ ਹਨ ਤਾਂ ਗੁਰੂ ਜੀ ਉਹਨਾਂ ਨੂੰ ਸਿੱਖ ਬਣਾਉਣ ਸਮੇਂ ਉਪਦੇਸ਼ ਰਾਹੀਂ ਸਿੱਖੀ ਦੇ ਕੁਝ ਨੇਮ ਸਮਝਾਉਂਦੇ ਹਨ:

ਗੋਬਿੰਦ ਸਿੰਘ ਗੁਰ ਰੀਤ ਸੰਭਾਲੋ।
ਲੋਕ ਦੁਹਨ ਕੋ ਜੋ ਰਖਵਾਲੋ॥
ਪਾਂਚ ਕਕਾ ਵਾ ਨਾਮ ਸਨਾਨ।
ਦਾਨ ਕਿਯਾ ਸਤਿਗੁਰ ਸੁਖ ਦਾਨ॥
ਮਾਸ ਸ਼ਰਾਬ ਵਿਕਰਮ ਦੁਹੇਲਾ.......[15]

ਨੜੀ ਮਾਰ ਕਾ ਸੰਗ ਨ ਕਰਹੋ।
ਜੂਠ ਝੂਠ ਸੇ ਹਰ ਦਮ ਡਰਿਹੋ॥
ਜਗਤ ਜੂਠ ਇਹ ਅਹੈ ਤਮਾਲ।
ਤਿਆਗੋ ਸੰਗ ਬਸੋ ਸੁਖ ਨਾਲ॥
ਸਾਚ ਬੋਲ ਕ੍ਰਿਤ ਧਰਮ ਕਮਾਵਹੁ।
ਆਪ ਛਕਹੁ ਅਰ ਦੀਨ ਅਚਾਵਹੁ॥[16]

"ਭਾਈ ਰਾਇ ਸਿੰਘ ਜੀ ਦੇ ਹਜ਼ੂਰ ਸਾਹਿਬ ਨੂੰ ਜਾਣ ਵੇਲੇ ਜੋ ਉਪਦੇਸ਼ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਉਨ੍ਹਾਂ ਨੂੰ ਮਿਲਦਾ ਹੈ- ਉਹ ਸਤਿਗੁਰੂ ਦੀ ਉਸ ਚਾਹ ਦਾ ਪਤਾ ਦੇਂਦਾ ਹੈ- ਜੋ ਉਹ ਸਿੱਖ ਦੇ ਸ੍ਵਰੂਪ ਵਿਚੋਂ ਵੇਖਣਾ ਚਾਹੁੰਦੇ ਹਨ।[17] ਜਿਵੇਂ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਭਾਈ ਜੀ ਚੰਗੇ ਕਥਾਕਾਰ ਵੀ ਸਨ ਇਸ ਲਈ ਇਹ ਤਾਂ ਸੁਭਾਵਿਕ ਹੀ ਸੀ ਕਿ ਜੇ ਸੰਤ ਹੀ ਹਜ਼ੂਰ ਸਾਹਿਬ ਕਥਾ ਕਰਨ ਤਾਂ ਭੇਟਾ ਚੜੇਗੀ। ਦੂਸਰਾ ਪੱਖ ਇਹ ਵੀ ਸੀ ਕਿ ਭਾਈ ਜੀ ਦੀ ਕਥਾ ਤੋਂ ਪ੍ਰਭਾਵਿਤ ਹੋ ਕੇ ਪੁਜਾਰੀ ਸਿੱਖ ਉਹਨਾਂ ਨੂੰ ਹਜ਼ੂਰ ਸਾਹਿਬ ਰੱਖਣ ਲਈ ਜ਼ੋਰ ਲਾ ਸਕਦੇ ਸਨ ਤੇ ਵਿਆਹ ਅਤੇ ਪੈਸੇ ਆਦਿ ਦਾ ਲਾਲਚ ਦੇ ਸਕਦੇ ਸੀ। ਇਸ ਲਈ ਗੁਰੂ ਰਾਮ ਸਿੰਘ ਜੀ, ਭਾਈ ਰਾਇ ਸਿੰਘ ਨੂੰ ਕਿਸੇ ਵੀ ਲਾਲਚ ਵਿਚ ਨਾ ਆਉਣ, ਸਿੱਖੀ ਸਿਦਕ ਤੇ ਕਾਇਮ ਰਹਿਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ:

ਤੁਮਕੋ ਜੇ ਕੋ ਭੇਟ ਚਢਾਇ।
ਊਹਾਂ ਕੀ ਊਹਾਂ ਦਿਹੁ ਲਾਇ॥
ਕੌਡੀ ਏਕ ਲਵੋ ਤੁਮ ਨਾਹੀ।
ਸ਼ਾਦੀ ਭੀ ਕਰਵਾਇਓ ਨਾਹੀ॥
ਕੋ ਭੇਟਾ ਵਾਕੀ ਨਹੀਂ ਲੈਣੀ।
ਪੂਜਾ ਊਹਾਂ ਚਾਹੀਏ ਦੇਣੀ॥[18]

ਇਸ ਤਰ੍ਹਾਂ ਸਤਿਗੁਰੂ ਜੀ ਦੁਆਰਾ ਭਾਈ ਰਾਇ ਸਿੰਘ ਜੀ ਰਾਹੀਂ ਸਿੱਖਾਂ ਨੂੰ ਪੂਜਾ ਦਾ ਪੈਸਾ ਨਾ ਖਾਣ ਦਾ ਉਪਦੇਸ਼ ਅੱਜ ਦੇ ਸਮੇਂ ਵਿਚ ਹੋਰ ਵੀ ਪ੍ਰਸੰਗਿਕ ਹੋ ਜਾਂਦਾ ਹੈ। ਭਾਈ ਜੀ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ ਤੇ ਖਰੇ ਉਤਰਦੇ ਹਨ। ਪੁਜਾਰੀ ਜਦ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਰਹਿਣ ਲਈ ਜ਼ੋਰ ਲਾਉਂਦੇ ਹਨ ਤੇ ਪੈਸੇ ਅਤੇ ਵਿਆਹ ਦਾ ਲਾਲਚ ਵੀ ਦਿੰਦੇ ਹਨ ਤਾਂ ਭਾਈ ਜੀ ਸਭ ਕੁਝ ਠੁਕਰਾ ਦਿੰਦੇ ਹਨ। ਹੋਰ ਤਾਂ ਹੋਰ ਕਈ ਮਹੀਨਿਆਂ ਦੀ ਕਥਾ ਦੌਰਾਨ ਭੇਟਾ ਹੋਇਆ 300 ਰੁਪਇਆ ਵੀ ਗੁਰਦੁਆਰੇ ਹੀ ਭੇਟਾ ਕਰ, ਗੁਰੂ ਘਰ ਦਾ ਇਕ ਵੀ ਪੈਸਾ ਲਏ ਬਿਨਾਂ ਤੁਰ ਪੈਂਦੇ ਹਨ। ਇਸ ਤਰ੍ਹਾਂ ਭਾਈ ਰਾਇ ਸਿੰਘ ਅਦਿਕ ਸਿੱਖਾਂ ਦੇ ਪ੍ਰਸੰਗਾਂ ਰਾਹੀਂ ਭਾਈ ਜੀ ਨਾਮਧਾਰੀ ਸਿੱਖਾਂ ਦੀ ਜੀਵਨ ਜਾਚ, ਗੁਰੂ-ਸਿੱਖ ਰਿਸ਼ਤਿਆਂ, ਗੁਰਮਤਿ ਦੇ ਮੁੱਖ ਸੰਕਲਪਾਂ ਸੇਵਾ, ਸਿਮਰਨ, ਗੁਰਬਾਣੀ ਦਾ ਪੜ੍ਹਨਾ ਆਦਿ ਦਾ ਸਫਲ ਚਿਤ੍ਰਣ ਕਰਨ ਵਿਚ ਕਾਮਯਾਬ ਹੁੰਦੇ ਹਨ।

ਨਾਮਧਾਰੀ ਸਿੱਖਾਂ ਦੀਆਂ ਸ਼ਹੀਦੀਆਂ ਦੀ ਗੱਲ ਕਰਦੇ ਹੋਏ ਭਾਈ ਜੀ ਸਿੱਖੀ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਦੇ ਹਨ:

ਸਿੱਖੀ ਤਿੱਖੀ ਦੋਧਾਰੀ।
ਸੂਰਾ ਧਰੇ ਕੋਇ ਬਲ ਭਾਰੀ॥
ਸਿੱਖੀ ਕੋਰੀ ਸਖਤ ਕਸੀਸ।
ਸਹੋ ਸੋਇ ਜਿਸ ਕਿਰਪਾ ਈਸ॥
ਸਿੱਖੀ ਹੈ ਗੁਲਜ਼ਾਰ ਗੁਲਾਬ।
ਕਾਂਟੇ ਹੈਂ ਪਰ ਫੂਲ ਸੁਹਾਬ॥
ਸਿੱਖ ਨਾਮ ਹਮ ਨੇ ਧਰਵਾਯਾ।
ਸ੍ਵਾਦ ਅਨੰਦ ਸਿੱਖੀ ਕਹਾਂ ਪਾਯਾ॥
ਸੁਤ ਬਿਤ ਨਾਰੀ ਕੇ ਹਮ ਸਿਖ।
ਰੀਸ ਕਰੇਂ ਗੁਰ ਸਿਖਨ ਦਿਖ॥[19]

ਇਸ ਪੁਸਤਕ ਦੇ 20 ਅਧਿਆਇ ਹਨ। ਹਰ ਅਧਿਆਇ ਵਿੱਚ ਕ੍ਰਮਵਾਰ ਗੁਰੂ ਸਾਹਿਬਾਂ ਦਾ ਮੰਗਲਾਚਰਨ ਕੀਤਾ ਗਿਆ ਹੈ। ਮੰਗਲਾਂ ਦੇ ਦੌਰਾਨ ਉਹਨਾਂ ਦੀ ਵਿਦਵਤਾ ਚੰਗੀ ਤਰ੍ਹਾਂ ਉੱਭਰ ਕੇ ਸਾਹਮਣੇ ਆਉਂਦੀ ਹੈ। ਉਦਾਹਰਨ ਦੇ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕੀਤਾ ਗਿਆ ਮੰਗਲ ਦੇਖਿਆ ਜਾ ਸਕਦਾ ਹੈ:

ਏਕ ਅਕਾਲ ਜਪਾਇ ਕ੍ਰਿਪਾਲ ਦਿਆਲ
ਸਦਾ ਦੂਖ ਦਾਸਨ ਚੂਰੇ।
ਔਰੰਗ ਵੰਗ ਕੁਸੰਗ ਲਗਾ
ਭੰਗ ਬਾਜ ਬਿਹੰਗ ਸਮਾਨ ਫਤੂਰੇ।
ਜੰਬਕ ਜਾਲ ਲਗੈ ਸਿੰਘ ਭਾਲਨ
ਭਾਲ ਰਹੇ ਨ ਦਿਸਾਇ ਹਦੂਰੇ।
ਭੋਰ ਸਮਾਨ ਉਡੇ ਉਡ ਚੋਰ ਵਕੋਰ,
ਉਰੂ ਹਨ ਮਾਨ ਗਰੂਰੇ॥
ਤੋੜ ਗੁਮਾਨ ਕੀਯੋ ਨਿਰਮਾਨ
ਸੋ ਜਾਨੈ ਜਹਾਨ ਗੁਰੂ ਬਲ ਭੂਰੇ।

ਭੂਰੇ ਪਨ੍ਹਾਇ ਪਟੰਬਰ ਲਾਹਿ
ਮਲੇਛ ਪੁਣੇ ਜਲ ਸੇ ਜਿਮ ਕੂਰੇ।
ਕੂਰੇ ਕਰਾਰ ਕਰੇ ਤਬ ਮਾਰ
ਪਹਾਰ ਦੁਬੀਸਨ ਧਾਰ ਕਰੂਰੇ।
ਰੂਰੇ ਭਲੇ ਗੁਣ ਸ੍ਰੀ ਗੁਰ ਗੋਬਿੰਦ
ਸਿੰਘ ਧਿਆਨ ਨਮੋ ਗੁਰ ਪੂਰੇ॥[20]

ਇਸ ਤਰ੍ਹਾਂ ਜਦ ਅੰਮ੍ਰਿਤਸਰ ਰਾਇਕੋਟ ਤੇ ਮਲੇਰਕੋਟਲੇ ਆਦਿ ਦੇ ਸਾਕਿਆਂ ਤੋਂ ਭੈ ਭੀਤ ਹੋ ਕੇ ਅੰਗਰੇਜ਼ ਅਫਸਰ ਫੌਜ ਲੈ ਕੇ ਸ੍ਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਤੋਪਾਂ ਬੀੜ ਦਿੰਦੇ ਹਨ ਤਾਂ ਭਾਈ ਜੀ ਉਸ ਸਮੇਂ ਦੇ ਦ੍ਰਿਸ਼ ਨੂੰ ਇਸ ਤਰ੍ਹਾਂ ਚਿਤਰਦੇ ਹਨ:

ਕਹੇਂ ਲੂਟ ਲੇਹੁ ਇਨ ਡੇਰਾ।
ਸਿੰਘਨ ਡਾਲਾ ਜਦਲ ਘਨੇਰਾ॥
ਕੂਕਾ ਸਿੱਖ ਨ ਕੋਈ ਛੋਰੋ।
ਫਾਂਸੀ ਕੈਦ ਤੋਪ ਨਦ ਬੋਰੋ॥
ਇਸ ਮਗ ਕਾ ਕੋਈ ਰਹਿਨ ਨ ਪਾਵੈ।
ਪੰਥ ਫਸਾਦੀ ਇਹ ਦ੍ਰਿਸਟਾਵੈ॥[21]

ਜਦ ਇਸ ਉਪਰੋਕਤ ਘਟਨਾ ਦੀ ਸੂਚਨਾ ਸਿੰਘ ਸਤਿਗੁਰੂ ਜੀ ਨੂੰ ਦਿੰਦੇ ਹਨ ਤਾਂ ਅੱਗੋਂ ਗੁਰੂ ਜੀ ਕਹਿੰਦੇ ਹਨ:

ਸਿੰਘ ਪਿਆਰਿਓ ਖੇਲ ਗੁਰੂ ਕੋ।
ਸੂਰ ਚੜੇ ਨਾ ਦਿਸੈ ਉਰੂ ਕੋ॥
ਪੰਥ ਦਿਨੋ ਦਿਨ ਹੋਇ ਸਵਾਯਾ।
ਇਹ ਨਹੀਂ ਕਿਸ ਸੋ ਜਾਇ ਹਟਾਯਾ॥
ਕੇਤੀ ਹੁਟਸੀ ਪਾ ਪਾ ਝੇਰੇ।
ਸਦਾ ਆਬਾਦ ਖਾਲਸੇ ਡੇਰੇ॥
ਕੋਇਕ ਦਿਨ ਮੈਂ ਪੰਥ ਸੁ ਫੈਲੇ।
ਅਬ ਹਮ ਜਏ ਬਿਦੇਸਨ ਸੈਲੇਜ।[22]

"ਅੱਤ ਦੀਆਂ ਕਠਿਨ ਹਾਲਤਾਂ ਵਿਚ ਵੀ ਗੁਰਵਾਕਾਂ ਦੁਆਰਾ ਧੀਰਜ ਬਨਾਉਣ ਦਾ ਕਾਰਜ ਕਰਕੇ ਭਾਈ ਧਿਆਨ ਸਿੰਘ ਕਾਦਰਾਬਾਦੀ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਵੇਖਣ ਦੇ ਇਛੁੱਕ ਹਨ। ਇਸ ਲਈ ਅਸੀਂ ਉਹਨਾਂ ਨੂੰ ਨਾਮਧਾਰੀਆਂ ਦੀ ਚੜ੍ਹਦੀ ਕਲਾ ਦੇ ਕਵੀ ਦੇ ਤੋਰ ਤੇ ਵੀ ਯਾਦ ਕਰ ਸਕਦੇ ਹਾਂ।[23]

ਛੰਦਾਂ ਦੇ ਰੂਪ ਵਿਚ ਭਾਈ ਜੀ ਨੇ ਚੌਪਈ, ਦੋਹਿਰਾ, ਕਬਿੱਤ, ਸੋਰਠਾ, ਸ੍ਵੈਯਾ, ਤ੍ਰਿਭੰਗੀ ਅਤੇ ਨਰਾਜ ਛੰਦ ਆਦਿ ਦੀ ਵਰਤੋਂ ਕੀਤੀ ਹੈ। ਅਲੰਕਾਰਾਂ ਦੇ ਤੌਰ ਤੇ ਦ੍ਰਿਸ਼ ਅਲੰਕਾਰ, ਸ਼ਬਦਲੰਕਾਰ, ਅਨੁਪ੍ਰਾਸ ਅਲੰਕਾਰ ਆਦਿ ਨੂੰ ਸਮੁੱਚੇ ਰੂਪ ਵਿਚ ਵਰਤਿਆ ਹੈ।

ਜਦ ਗੁਰੂ ਜੀ ਦੀ ਹਜ਼ੂਰੀ ਵਿਚ ਅੰਗਰੇਜ਼ ਅਫਸਰ ਆਉਂਦੇ ਹਨ ਤਾਂ ਭਾਈ ਜੀ ਉਹਨਾਂ ਨਾਲ ਸਤਿਗੁਰੂ ਜੀ ਦੀ ਵਾਰਤਾਲਾਪ ਨੂੰ ਅੰਗਰੇਜ਼ੀ ਭਾਸ਼ਾ ਨਾਲ ਰਲਾ ਕੇ ਸੂਖਮ ਹਾਸ-ਰਸ ਪੈਦਾ ਕਰਦੇ ਹਨ:

ਜ਼ਿਲਾ ਕਮਿਸ਼ਨਰ ਵਾ ਕਪਤਾਨ।
ਬੈਠੇ ਤੌਂ ਸਤਿਗੁਰ ਢਿਗ ਆਨ॥
ਅਹੋ ਖੁਸ਼ੀ ਤੁਮ ਤੀਨੇ ਗੋਰੇ।
ਗੁਰੂ ਡਾਇਆ ਟੁਮਹਾਰੀ ਸੋਰੇ॥
ਯੂ ਗੁਡ ਬੀ ਗੁਰ ਸਿਖਨ ਵਾਲੀ।
ਹਾਂ ਬੋਲੇ ਪ੍ਰਭ ਤਬ੍ਹਾ ਲਉਬਾਲੀ॥
ਪੁਨ ਵੀ ਗੋ ਪੂਛਾ ਪ੍ਰਭ ਪਾਹੀ।
ਠਾਣੇਦਾਰ ਸਮੇਤ ਸਿਪਾਹੀ॥
ਲੋ ਯੇਹ ਟੈਨਮੈਨ ਟੁਮਹਾਰ।
ਗੁਡ ਮੈਨ ਇਜ਼ ਥਾਨੇਦਾਰ॥[24]

ਕਈ ਵਾਰ ਭਾਈ ਜੀ ਬ੍ਰਿਜ ਭਾਸ਼ਾ ਛੱਡ ਪੰਜਾਬੀ ਵੀ ਲਿਖ ਦਿੰਦੇ ਹਨ। ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਬ੍ਰਿਜ ਨਾਲੋਂ ਉਸ ਨੂੰ ਨਿਖੇੜ ਨਹੀਂ ਸਕੀਦਾ।

ਮੁਰਝਯੋ ਰਾਇ ਸਿੰਘ ਇਤ ਹਾਲ।
ਮਨੋ ਧਨੀ ਜਿਵ ਹੋਇ ਕੰਗਾਲ॥
ਸਖੀਓਂ ਬਿਛਰੇ ਕਾਨ੍ਹ ਗੁਪਾਲ।
ਕਰ ਗਿਆ ਠਗੀ ਮੇਰੇ ਨਾਲ॥
ਮੇਰੇ ਹੱਥੋਂ ਛੁਟ ਗਿਆ ਲਾਲ।
ਅਬ ਜਾ ਪਰਸੋਂ ਭੈਣੀ ਸਾਲ॥[25]

"ਪੁਰਾਤਨ ਰਚਨਾਕਾਰਾਂ ਨੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਬ੍ਰਿਜ ਭਾਸ਼ਾ ਵਿਚ ਲਿਖਿਆ ਸੀ। ਦੋਹਰੇ, ਚੌਪਾਈਆ ਵਿਚ ਲਿਖੀ 'ਤੁਲਸੀ ਰਮਾਇਣ' ਜਾਂ 'ਸ੍ਰੀ ਰਾਮ ਚਰਿਤ ਮਾਨਸ' ਦੀ ਪ੍ਰਸਿੱਧੀ ਨੂੰ ਵੇਖ ਕੇ ਅਜਿਹਾ ਹੋਇਆ ਹੋਵੇਗਾ। ਭਾਈ ਸੰਤੋਖ ਸਿੰਘ ਦਾ 'ਸ੍ਰੀ ਗੁਰੂ ਪ੍ਰਤਾਪ ਸੂਰਜ' ਨਾਮੀ ਵੱਡ ਆਕਾਰੀ ਗ੍ਰੰਥ, ਭਾਈ ਕਵੀ ਸੈਨਾਪਤੀ, ਭਾਈ ਕੋਇਰ ਸਿੰਘ, ਭਾਈ ਸੁੱਖਾ ਸਿੰਘ ਅਤੇ ਸੁਮੇਰ ਸਿੰਘ ਆਦਿ ਨੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗਬਿੰਦ ਸਾਹਿਬ ਜੀ ਦਾ ਗੁਰ ਬਿਲਾਸ, ਭਗਤ ਸਿੰਘ ਆਦਿ ਕਵੀਆਂ ਨੇ ਲਿਖਿਆ ਹੈ। ਉਪਰੋਕਤ ਸ਼ੈਲੀ ਵਿਚ ਲਿਖੇ ਗਏ ਗ੍ਰੰਥਾਂ ਜਿਉਂ ਹੀ ਉਦੋਂ ਸਾਹਿਤਕ ਹਲਕਿਆਂ ਵਿਚ ਬ੍ਰਿਜ ਭਾਸ਼ਾ ਹੀ ਕਾਵਿ ਸੰਚਾਰ ਦਾ ਮਾਧਿਅਮ ਸੀ, ਪੰਜਾਬ ਸਮੇਤ ਸਾਰੇ ਭਾਰਤ ਵਿਚ। ਦੁਨਿਆਵੀ ਪ੍ਰੇਮ ਪ੍ਰਸੰਗ ਅਤੇ ਕਿੱਸੇ ਭਾਵੇਂ ਸੋਲਵੀਂ ਤੋਂ ਉਨ੍ਹੀਵੀਂ ਸਦੀ ਤੱਕ ਪੰਜਾਬੀ ਭਾਸ਼ਾ ਵਿਚ ਹੀ ਲਿਖੇ ਜਾਂਦੇ ਰਹੇ, ਪਰ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਅਧਿਆਤਮਕ ਮੰਡਲ

ਦੀਆਂ ਗਾਥਾਵਾਂ ਨੂੰ ਪੰਜਾਬੀ ਕਵਿਤਾ ਵਿਚ ਸ਼ਾਇਦ ਇਸ ਲਈ ਵੀ ਨਾ ਲਿਖਿਆ ਗਿਆ ਕਿ ਇਸ ਤਰ੍ਹਾਂ ਉਨ੍ਹਾਂ ਦਾ ਰੁਤਬਾ ਦੂਜੇ ਮੱਤਾਵਿਲੰਬੀਆਂ ਦੀਆਂ ਨਜ਼ਰਾਂ ਵਿਚ ਘਟ ਨਾ ਜਾਏ ਜਾਂ ਇਉਂ ਹੀ ਕਹਿ ਸਕਦੇ ਹਾਂ ਕਿ ਬ੍ਰਿਜ ਭਾਸ਼ਾ ਨੇ, ਪੰਜਾਬੀ ਦੇ ਇਹ ਲੌਕਿਕ ਚੌਗਿਰਦੇ ਦੇ ਮੁਕਾਬਲੇ ਇਕ ਪਰਾਲੌਕਿਕ ਆਵਰਣ ਓੜਿਆ ਹੋਇਆ ਸੀ। ਇਸ ਲਈ ਧਰਮ ਕਰਮ ਅਤੇ ਅਵਤਾਰੀ ਪੁਰਖਾਂ ਦੀ ਗਾਥਾ ਬਿਆਨ ਕਰਨ ਲਈ ਇਸ ਨੂੰ ਵਧੇਰੇ ਉਪਯੁਕਤ ਸਮਝਿਆ ਜਾਂਦਾ ਸੀ।

ਕੂਕਾ ਜਾਂ ਨਾਮਧਾਰੀ ਮੱਤ ਦੇ ਪ੍ਰਵਰਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਜੀਵਨ ਚਰਿੱਤਰ ਦੀਆਂ ਕੁਝ ਕੁ ਤਹਿਆਂ ਪਾਠਕਾਂ ਸਾਹਮਣੇ ਖੋਲ੍ਹਣ ਲਈ ਭਾਈ ਧਿਆਨ ਸਿੰਘ ਕਾਦਰਾਬਾਦੀ ਦੀ ਅਮਰ ਰਚਨਾ 'ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਵੀ ਬ੍ਰਿਜ ਭਾਸ਼ਾ ਵਿਚ ਲਿਖੀ ਗਈ ਇਕ ਪੁਸਤਕ ਹੈ।[26]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਰਚਨਾ 'ਬ੍ਰਿਜ ਭਾਸ਼ਾ ਵਿਚ ਸ਼ੁਰੂ ਹੋਈ ਗੁਰ ਬਿਲਾਸ ਪ੍ਰੰਪਰਾ' ਦਾ ਵਿਸਥਾਰ ਅਤੇ 'ਗੁਰ ਬਿਲਾਸ'ਕਾਵਿ ਰਚਨਾਵਾਂ ਦੀ ਅੰਤਿਮ ਰਚਨਾ ਹੋ ਨਿਬੜਦੀ ਹੈ।

ਹਵਾਲੇ ਅਤੇ ਟਿੱਪਣੀਆਂ


1. ਭੂਮਿਕਾ (ਜੈ ਭਗਵਾਨ ਗੋਇਲ). ਗੁਰ-ਬਿਲਾਸ ਕ੍ਰਿਤ ਸੁੱਖਾ ਸਿੰਘ, ਭਾਸ਼ਾ ਵਿਭਾਗ ਪਜਾਬ 1970 ਪੰਨਾ ਨੰ.1
2. ਉਹੀ
3. ਧਿਆਨ ਸਿੰਘ ਕਾਦਰਾਬਾਦੀ, ਸੰਤ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, 1998, ਪੰਨਾ ਨੰ. 25
4. ਪਰਵੇਸ਼ਿਕਾ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ 10, ਫੱਗਣ 1999ਬਿ. ਸੰਮਤ (1942 ਈ.)
5. ਪਰਵੇਸ਼ਿਕਾ, ਸ੍ਰੀ ਸਤਿਗੁਰੂ ਬਿਲਾਸ, 10ਫਗਣ 1999 ਬਿ. ਸੰਮਤ
6. ਉਹੀ
7. ਲਾਲ ਏਹਿ ਰਤਨ, ਪ੍ਰਿੰਸੀਪਲ ਬੇਅੰਤ ਕੌਰ (ਸੰਪਾ.), ਜਿਲਦ ਚੌਥੀ
8. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਸੰਨ 2009, ਪੰਨਾ ਨੰ. 111
9. ਧਿਆਨ ਸਿੰਘ ਕਾਦਰਾਬਾਦੀ, 1998 ਈ.,ਪੰਨਾ ਨੰ. 119
10. ਦੇਸ਼ ਕੀ ਸਵਤੰਤਰਤਾ ਏਵੰ ਨਾਮਧਾਰੀ ਸਾਹਿਤਯ, ਤਾਰਾ ਸਿੰਘ ਅਨਜਾਣ, ਪੰਜਾਬ ਸੌਰਭ, ਡਾ. ਦੇਵੇਂਦ੍ਰ ਸਿੰਘ ਉਸਾਹਨ (ਸੰਪਾ.)
11. ਸੰਤ ਨਿਸ਼ਾਨ ਸਿੰਘ ਜੀ ਕਥਾਕਾਰ ਹੋਰਾਂ ਨੇ ਮੈਨੂੰ ਦੱਸਿਆ ਕਿ ਉਹਨਾਂ ਨੇ ਆਪ ਇਹ ਗ੍ਰੰਥ ਛਪਿਆ ਹੋਇਆ ਅੱਖੀਂ ਦੇਖਿਆ ਹੈ। ਸੰਤ ਕਰਤਾਰ ਸਿੰਘ ਨੀਲਧਾਰੀ ਹੁਰਾਂ ਨੇ ਵੀ ਫੋਨ ਤੇ ਹੋਈ ਗੱਲ ਬਾਤ ਤੇ ਦੱਸਿਆ ਹੈ ਕਿ ਇਹ ਗ੍ਰੰਥ ਮੇਰੇ ਕੋਲ ਹੈ ਪਰ ਇਸ ਦੇ ਐਡੀਸ਼ਨ ਦਾ ਸੰਨ ਨਹੀਂ ਲਿਖਿਆ ਹੋਇਆ ਹੈ।
12. ਰਾਮ ਕਹਿਤ ਚਿਤ ਥਿੱਤ ..., ਅਮਰ ਭਾਰਤੀ, ਸ੍ਰੀ ਸਤਿਗੁਰੂ ਬਿਲਾਸ..., ਉਹੀ, 1998 ਈ. ਪੰਨਾ ਨੰ. 6
13. ਪਰਵੇਸ਼ਿਕਾ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, 10ਫੱਗਣ 1999 ਬਿ. ਸੰਮਤ
14. ਸ੍ਰੀ ਸਤਿਗੁਰੂ ਬਿਲਾਸ..1998, ਪੰਨਾ.33
15. ਉਹੀ
16. ਉਹੀ ਪੰਨਾ ਨੰ. 34
17. ਰਾਮ ਕਹਿਤ ਚਿਤ ਥਿੱਤ ..., ਅਮਰ ਭਾਰਤੀ, ਸ੍ਰੀ ਸਤਿਗੁਰੂ ਬਿਲਾਸ..., ਉਹੀ, 1998 ਈ. ਪੰਨਾ ਨੰ. 6
18. ਉਹੀ, ਪੰਨਾ ਨੰ. 37
19. ਉਹੀ ਪੰਨਾ ਨੰ. 131
20. ਉਹੀ ਪੰਨਾ ਨੰ. 81
21. ਉਹੀ ਪੰਨਾ ਨੰ. 134
22. ਉਹੀ
23. ਸੁਵਰਨ ਸਿੰਘ ਵਿਰਕ, ਉਹੀ, ਪੰਨਾ ਨੰ. 121
24. ਸ੍ਰੀ ਸਤਿਗੁਰੂ ਬਿਲਾਸ..., ਉਹੀ 1998 ਪੰਨਾ ਨੰ. 74
25. ਉਹੀ, ਪੰਨਾ ਨੰ. 32, 33
26. ਸੁਵਰਨ ਸਿੰਘ ਵਿਰਕ, ਉਹੀ, ਪੰਨਾ ਨੰ. 110



**-ਸ੍ਰੀ ਭੈਣੀ ਸਾਹਿਬ**

**ਸੰਪ: 98550-58178**

## ਵਾਰਸ਼ਿਕ ਵਿੱਦਿਅਕ ਸੰਮੇਲਨ 2018,ਜੋ ਦਿੱਲੀ ਵਿਖੇ ਹੋਇਆ ਦੀਆਂ ਝਲਕੀਆਂ:




















## ਸ੍ਰੀ ਸਤਿਗੁਰੂ ਜੀ ਸਰਵੋਤਮ ਜਥਿਆਂ ਤੇ ਬਖਸ਼ਿਸ਼ ਕਰਦੇ ਹੋਏ।



















## ਸੰਮੇਲਨ ਵਿੱਚ ਬੱਚਿਆਂ ਦੇ ਭਾਗ ਲੈਂਦਿਆਂ ਹੋਇਆਂ ਦੀਆਂ ਝਲਕੀਆਂ:



















## ਸੰਮੇਲਨ ਦੌਰਾਨ ਬੁਲਾਰੇ



## ਦਿੱਲੀ ਵਿਖੇ ਸੰਮੇਲਨ ਦੌਰਾਨ ਸਾਧ-ਸੰਗਤ ਵੱਲੋਂ ਸੇਵਾ ਕੀਤੀ
## ਸ੍ਰੀ ਸਤਿਗੁਰੂ ਜੀ ਬਖਸ਼ਿਸ਼ ਕਰਦੇ ਹੋਏ









# Vegetarianism in Sikhism

✍– **Swaran Singh Sanehi M A.**

Sikh scriptures support vegetarianism fully. Sikhs from the period of Guru Nanak had adopted the Hindu tradition and way of living in many ways. Their disliking for flesh foods was also a part of the same tradition and way of living. Guru Nanak considered the meat eating improper for the meditators particularly.

SIKHS from the period of Guru Nanak, the founder of this religion, had adopted the Hiudu tradition and way of living in many ways. Their disliking for flesh foods was also a part of the same tradition, which was started in Sikhs by Guru Nanak. He started the preaching in favour of vegetarianism in his young age.

In the ancient writings, the seven things are declared to be untouchable and impracticable and the meat is on the second number in that list. Though the Sikhs in general have started advocating the flesh eating also in the names of the Gurus but the reality lies the other way. As a matter of fact, Guru Nanak had preached and practised the vegetarianism from his childhood. When his parents wished to put him the sacred thread in his early age they brought some goats too to be slaughtered on the occasion. But the Guru objected to all that and on asking by the elders, he said, “If after putting this thread on, one performs irreligious deeds, if he performs the violence only for sake of money, should he be called a Brahman or a butcher ? “Then Guru Nanak asked them to free the goats and after all the rites the food was served to ali the visitors but that did not include the meat. "Make mercy thy cotton......” is a famous verse uttered at that time which included in the Holy Granth.

Guru Nanak saw the same soul in every creature. So he advocated mercy for everyone and called him a 'sinner' who cut the throats of the animals. In the Japji (p. 4) he said :
Countless are those who commit the crime of cutting throats...... Countless are the sinners who pass their lives in sin.

During the tour of Mekka and Medina, two Mohammadan shrines, he was questioned about killing of cow and pig; because the cow is considered a sacred animal by Hindus while the pig by Mohammadans. Many Indian meat-eaters like to cut the pig while the Mohammadans to the cow. But the undaunted Guru Nanak said, “On account of their mutual opposition the Hind is and Maha nmadans began to fight. The former killed the swine whereas the latter slaughtered kine. Both of them were guilty of sacrilege as the slaughtered animals could n t be revivified. In the court of God both are suffering severe punishment.”_ Guru Nanak set examples for us. He never accepted the offerings from the flesh eaters. During his tour, be visited the land of King Devloota who was a meat eater and yearned for the human blood. He wished to make Guru and his companions his victims but could not. At last he fell on the Guru's feet for forgiveness. After all this, he requested the

Guru to accept the meals from him but the Guru refused saying, “First of all abandon th: meat eating for which you destroy the creatures. Otherwise I will never eat from you.” Devloota accepted this condition and then Guru accepted his offerings of fruits only.

The Holy Granth is a sacred book of all the Sikhs whether they are meateaters or vegetarians. It contains numerous such verses which forbid the animals' killing and meat eating. Even the hunting is conde nned in one verse. Another verse says, “You slaughter the creatures and you say that you have performed a religious deed, then what will the definition of a mum be? And if you consider yourself a saint, who will be the butcher ?”
(Holy Granth, p. 1103) God is omnipresent. All accept it. But when cutting the throats--they forget this. A verse written in the Holy Granth (p. 1350) says, “Don't falsify the scriptures of vedas etc. The lier is he who does not ponder over the writings contained therein. If you profess that God is omnipresent, why do you kill a hen ?”

Bhai Gurdas is a famous Sikh author who wrote the first copy of the Holy Granth at the dictation of the fifth Guru, He writes in his writings, about the meat eating He has told a story of a goat which says that she did no harm to any one and ate only the plants but her offspring is slaughtered. “What will be position of those who eat the meat after cutting throats ?” That is a good sermon given through the goat. There is mention of the things prepared in the Guru's kitchen also. But meat is not mentioned in that. Besides this, there is the references to the bards who requested God to fulfil their needs by giving them their requirements. These contain even the small things too but they wanted neither goats for flesh nor hens. On the contrary they wanted the buffaloes and cows for milk.

Some flesh eaters say that the tenth master, Guru Gobind Singh had eaten the flesh But in his writings he pleaded to be merciful to other creatures. At one place he warns the human being in these words, "Don't cut the throat of others so mercilessly; because one day, your own neck will also be cut by the Divine sword As a matter of fact, the mercy is preferred to the holy pilgrimages and bathing or donating money at such places. Guru Arjun has written that he, who has mercy upon the creatures need not go to the holy places (which are counted 68) and give there donations.

Satguru Ram Singh, who is known for founding the Namdhari Sikh community and launching the first Freedom Movement in 1857 revived the same principle of non-violence in the Sikhs. Once he was travelling through the district of Amritsar when the bridle of his horse was handled by a flesh eater, Sardar Sidh. He requested Satgurji to accept the meals from him but Satguru Ram Singhji, objecting to his urge, asked him to get rid of flesh eating first. That Sardar showed inability to comply with this. Satgurji boldly asked him to loose the bridle then and leave the place.
At present, Namdharis or Kukas are the only Sikhs who are staunch vegetarians and teetotallers. They are not permitted to drink the water from the tap because that has a little part made of the leather and cannot be pure according to them. Namdharis are, in the words of Encyclopaedia Britannica “who professed to be ethically strict followers of Govind Singh......"

Sikh scriptures support vegetarianism fully.

# The Countless Facets of a Legend: A Musician-Saint

✍– Avtar Kaur

Legends are personalities famous in their respective fields. One such personality is Pandit Shri Ajoy Chakraborty Ji. Fondly referred to as 'Gurujee' not only by his disciples, but by anyone that comes in contact with him, Gurujee is source of inspiration for all. The expertise that Gurujee has in Hinustani classical music motivates others to excel in their respective fields of study. Gurujee is a true devotee of music. His contributions to development and spread of Indian music are extensive.

Gurujee came to Sri Bhaini Sahib and gave his performance on 29th November 2018 in the 7th ***Satguru Jagjit Singh Sangeet Sammelan***. Talking about Gurujee, Satguru Uday Singh Ji referred to him as the ambassador not only of Bengalis, but of Punjabis as well. Satguru Ji said, 'The justice to the legendary names of Shri Bade Ghulam Ali Khan, Barkat Ali Khan, Munawar Ali Khan could only be done by a personality like you (Gurujee)''. Referring to the concern that Gurujee has for his disciples, Satguru Ji expressed that his conduct exemplified the true form of music. Satguru Ji further said to Gurujee, 'Everyone makes efforts for his/her children, when one starts thinking beyond one's children, he/she becomes a saint. I see that saintly figure in you'.

Gurujee has always remembered the colossal contributions of Satguru Jagjit Singh Ji in the field of Indian music. With tears in his eyes when Gurujee heard about leaving of Satguru Jagjit Singh Ji for the first time, the message that Gurujee delivered before starting his programme on the last day of *Harivallabh Sangeet Sammelan* in 2012 is equally heart-touching*. Gurujee said, **''Today on arriving here (in Jalandhar), I came to know that Satguru Ji has left us. I pay my respect to both (referring to Pandit Ravi Shankar also, who departed in 2012). The similarity between the two is... Satguru Jagjit Singh Ji made immense contribution to music, those who know it, understand very well. Those who do not know (of the great contribution by Satguru Ji) are very unfortunate!''**

On the fine morning of 29th November, Gurujee approached the magnificently-set stage in *Shri Partap Mandir.* He was accompanied by the expert musicians, Pandit Shri Yogesh Samsi Ji on Tabla and Pandit Shri Ajay Joglekar Ji on Harmonium. The promising disciple of Gurujee, Shri Brijesh Mukherjee also added to the eminence of the environment. The majestic *taanpuras*, offered to Satguru Jagjit Singh Ji by late Ustaad Shri Vilayat Khan, being played by the disciples of Gurujee, were as if illustrating the ever-continuing flow of celestial music, which today were spreading fragrance of resonance with the melodies of splendid voice. The video is available online for the benefit of listeners[#].

The work of legends is multi-faceted. Every person is different from others, so is the thinking process of all individuals. Like the nature of God, which although uniform, its ever-changing physical manifestations are looked differently by various observers. Similarly, the renditions of Raga by Gurujee would have been imbibed by various listeners in different ways.

Among the countless meanings and feelings possible, a few are 'penned down' in the retrospect, with the video timings provided.

**00:54:00** - Gurujee started by telling the audience, ''Today, the prayer that I will do in the morning has

the following words, *'Jab jaage savera, Naam Prabhu ke jap le man mera; Karuna tab barsegi, jab prabhu ke charnan mein sada rahe sir tera'* (Whenever you rise to realize your aim, consider that to be the morning of your life. O my mind!, In that auspicious moment, recite the name of God. Blessings will pour when, your mind will be firmly fixed on the lotus feet of God)''.

Then, Gurujee started the composition in Raga *Bhairav*, one of the rarely sung Ragas these days, to depict the truth of life, whose expression is similarly rare these days like the Raga chosen to express it. Raga *Bhairav*, being an early morning Raga, has also been seen as representing sunrise, a natural phenomenon which brings new hope and marks a fresh beginning. The lyrics of the composition chosen beautifully express the same feeling.

**00:59:40** - Hence, the prayer was completely resonant with the nature in all aspects. The first tender beams of the vast and mighty sun emerged. The aura of the sun provides an indication of the power that it contains. Comparing it to the devotee for whom the fortunate inception of the journey towards God has just started, the ambience of the *'alaap'* marked the positivity of the start of this journey and manifestation of the huge potential of divine love that is yet to be unleashed. A small seed in the enormous, indifferent universe has begun to sprout. Yet, surprisingly the nature is equally supportive and concerned of this small seedling also, as it is for the entire universe.

**1:02:00** - Gratitude is expressed to the distinguished, impartial justice of the God, who takes the care of a small unit of his creation identical to the way that the unimaginably large creation is taken care of as a whole. The magnanimity of this equitable character specifically, and the God in general, is praised and fondly expressed in the rendition of *alaap*.

**1:02:40** - The all-powerful and many a times, far-appearing God is so near to the devotee (expressed by the live transition from higher scale to lower scale).

**1:02:55** - Not only near, but the blessings of God completely surround the devotee, facilitating the journey of mind to happiness or its resonance with everything else in the universe.

**1:03:15** - The aim of the devotee can be many fold, depending of the different paths of the journey chosen, which despite being different, are interlinked by the intentions. The aim may be enjoying the dynamics of the God's will in an ever-changing world or (as in **1:04:00**) enjoying the unwavering nature of the God's conduct, which is ever-stable from east to west, in all directions (**1:04:15**).

**1:04:35** - The essence of God pervades every person alike, yet understanding and feeling it is so difficult.

**1:04:50** - Only with the blessings and grace of God, can this ever-stable bliss be achieved. Thus, all prayers are to the lotus feet of God (**1:05:05**) who alone can pull out the devotee from the fearsome ocean of complexities and puzzles to a state where all questions are answerable, yet none remains to be asked. Where all problems are capable of being solved, yet the devotee strives for none. Where the joy is in so excess that everything else dwarfs in front of it. This state is as described by all scriptures, and for which the fortunate journey has just initiated (**1:05:25**).

When felt by a true devotee, the emotions inherent in the phenomenon written above would be beyond imagination. What is beyond imagination cannot be described in words. The feeling of the nearness of the lotus feet of God, so intricate with the devotee's mind can only be felt. Yet, music is the language of emotions. It does provide a glimpse of that feeling. Hence, it may be like a ballad describing the joyful event of union of God with devotee or voice from the hearts of devotees themselves. As God himself pervades in everything generally, so does he specifically, in the feelings reserved for the purest of the hearts, melodious of the sounds.

*https://www.youtube.com/watch?v=caprmXNdc_Q (00:05:08)

[#]https://www.youtube.com/watch?v=r0U2mc9GrsY

----------------------------

# A SAGA OF
# SRI SATGURU JAGJIT SINGH JI

✍ –Dr. Sharada Jayagovind

## Partition of India - Creation of Sri Jiwan Nagar

After the Second World War, there were indications that the British would give freedom to the Indian subcontinent. The freedom of the motherland was uppermost in Satguru Partap Singh ji's mind. When Pandit Nehru and Moulana Azad asked the Satguru at Wavell Conference in 1945 in Shimla about the demands of the Namdharis, the Satguru replied:

"Our only objective is to get freedom for the country, protection for the cows, uplift of the poor and the downtrodden; I do not want anything else...; I can sign on a blank paper... (Source: Discourses of Satguru Partap Singh ji, Vol 2,p xix)."

Satguru Partap Singh ji was a visionary who intuitively felt that the British would divide India into two and a bloodbath would ensue. Hoping to prevent a holocaust, he met Gandhi ji and pleaded with him to use his political stature to prevent the Partition of India. Due to various reasons, Gandhi ji and other Congress leaders could not heed this plea and in August 1947 India was cut into two bleeding parts.

The India-Pakistan Partition was one of the most painful human tragedies in world history. Millions of people were uprooted from their ancestral homes and fled across the borders to the newly-created nations depending upon their faiths. Hindus and Sikhs left lands demarcated as Pakistan and Muslims living in India left for Pakistan. There was panic, confusion and untold misery. Women and children were tortured, raped and murdered. Trainloads of people were butchered. Punjab and Bengal provinces bore the brunt of Partition. There was widespread violence and arson. Entire villages were set ablaze.

At this juncture, Satguru Partap Singh ji took upon himself the responsibility of saving the lives of innocent people. Earlier, in the Hola Mela of Sheikhupura Bedad in March 1947, His Holiness had asked all the Hindus, Sikhs and Namdharis to cross river Ravi and come over to East Punjab in India. He had warned them of the possibility of violent communal riots and told them that if, by God's grace, nothing happened, they could always return home.

Satguru ji knew that uprooting oneself from one's home and land is extremely difficult and painful. Yet, it was inevitable. Hence, he personally went to every village and pleaded with the people to come to the Indian side of Punjab. He deputed his son, Baba ji and a group of young men to persuade the Namdharis to send at least their women and children to India. Those who heeded the call of the Guru escaped the holocaust without even a scratch. The rest had to face the fury and agony of Partition.

Satguru Partap Singh ji had ordered Namdhari Sikhs not to harm Muslims. If any Muslim women were left behind in India, they were to escort them to their families with due respect.

The greatest contribution made by Satguru Partap Singh ji which needs to be embellished in letters of gold in the annals of history is the manner in which His Holiness resettled the refugees of the Partition. The creation of Sri Jiwan Nagar in Sirsa District, Haryana, the largest Namdhari settlement in India, speaks volumes about the vision and compassion of the spiritual Master.

As an instance of farsightedness, in January 1947, Satguru Partap Singh ji bought 12,430 acres of land in Hisar district of Haryana consisting of three and a half villages namely Chuchal Kothi, Jag Malera, Kanjarwala and Alipur, with the intention of forming Namdhari settlements. These villages were renamed as Sri Jiwan Nagar, Sant Nagar, Damdama and Haripura, respectively and formed the new Namdhari settlements.

The total cost of the land transaction was Rs. 30,90,000. As the Namdharis started shifting from West Punjab (Pakistan), to India they were accommodated in the area. Along with Baba ji, Maharaj Bir Singh ji, Karam Singh Patwari, Sardar Avtar Singh, Sardar Channan Singh Tharaj, Kashi Ram and others, took the responsibility of getting the land registered.

Satguru Partap Singh ji communicated to people that those who were interested in buying land in these villages could procure it at the rate of Rs. 5,500 per murabba. Wealthy buyers were allotted land of which three-fourths was cultivable and one-fourth was barren.

A number of poor Sikhs who worked as labourers in West Punjab were allotted four to five acres of land free of cost. Some land was earmarked for a school and a langar. Satguru ji used his good offices with the Government of India and ensured that the Namdhari refugees who possessed land in Pakistan were allotted land in this area, so that a large community of Namdharis could be formed in Sri Jiwan Nagar.

**to be continue.......**

# ਕਾਵਿ-ਕਿਆਰੀ

## ਰਾਮ ਸਿੰਘ ਜੀ ਰਾਮ ਰਮਾਇਆ ਫੈਲੀ ਚਰਚਾ ਦੇਸ ਮਝਾਰ

( ਪ੍ਰਸਿੱਧ ਇਤਿਹਾਸਕਰ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ
ਸਾਬਕਾ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ )

ਚਾਲ ਸਮੇਂ ਦੀ ਟੇਢੀ ਚਲਦੀ, ਰਹਿੰਦੀ ਨਹੀਂ ਸਦਾ ਇਕ ਸਾਰ।
ਕਦੇ ਛਾਉਂ ਤੇ ਧੁੱਪ ਕਦੇ ਹੋਇ, ਗਰਮੀ ਸਰਦੀ ਰੁੱਤ ਅਨੁਸਾਰ।
ਰਹਿੰਦਾ ਰੰਗ ਨ ਇੱਕੋ ਜਿਹਾ, ਕਰਕੇ ਡਿਠਾ ਖੂਬ ਵਿਚਾਰ ॥
ਸ੍ਰੀ ਕਲਗੀਧਰ ਪੰਥ ਸਜਾਇਆ, ਸਭ ਮਜ਼ਬਾਂ ਦੇ ਸਿਰ ਸਰਦਾਰ।
ਧਰਮ ਰੱਖਿਆ ਮੁੱਲਕੀ ਸੇਵਾ, ਪਾਪ ਦੂਰ ਕਰਨ ਦੀ ਕਾਰ।
ਸੌਂਪੀ, ਸਿੰਘ ਸਜਾਇ ਸੰਜੀਲ, ਧਾਂਕ ਪਈ ਸਾਰੇ ਸੰਸਾਰ।
ਨਾਮ, ਦਾਨ, ਇਸ਼ਨਾਨ ਦ੍ਰਿੜਤਾ, ਹੁਬੁਲਵਤਨੀ ਪਰ ਉਪਕਾਰ।
ਏਹੋ ਜੇਹੇ ਸ਼ੁਭ ਗੁਣ ਸਾਰੇ, ਪੰਥ ਤਈਂ ਭਰ ਦਏ ਭੰਡਾਰ ॥
ਦਸਮ ਪਿਤਾ ਦੀ ਸਿੱਖਿਆ ਉੱਪਰ, ਚਲਦੇ ਰਹੇ ਸਿੰਘ ਬਲ ਭਾਰ।
ਤਦ ਤਕ ਰਹੀ ਪੰਥ ਦੀ ਦਿਣ ਦਿਣ, ਚੜ੍ਹਦੀ ਕਲਾ, ਨਾ ਆਈ ਹਾਰ।
ਫਸਿਆ ਪੰਥ ਮਾਇਆ ਦੀ ਜਾਲੀਂ, ਗੁਰ ਸਿੱਖਿਆ ਦੇ ਤਈਂ ਵਿਸਾਰ।
ਸਿੱਖ ਰਾਜ ਦਾ ਅੰਤ ਗਿਆ ਹੋ, ਖੋਹ ਬੈਠੇ ਪ੍ਰਤਾਪ ਗਵਾਰ।
ਮਨ ਮੱਤ ਫੈਲੀ ਘਰ ਘਰ ਅੰਦਰ, ਗੁਰਮੱਤ ਉੱਕੀ ਹੋਈ ਉਡਾਰ ।
ਹਿੰਦੂ, ਮੁਸਲਮ ਅਤੇ ਈਸਾਈ, ਲੱਗੇ ਫਾਹੁਨ ਜਾਲ ਪਸਾਰ।
ਰਾਜ ਤੇਜ਼ ਦਾ ਘਾਟਾ ਇੱਕ ਧਿਰ, ਤਰਫ਼ ਦੁਸਰੀ ਮਜ਼ਬੀ ਮਾਰ।
ਜਾਂਦਾ ਪੰਥ ਰਸਾਤਲ ਵੱਲੇ, ਜੇ ਕਰ ਕੋਈ ਨ ਲੈਂਦਾ ਸਾਰ।
ਐਨ ਸਮੇਂ ਸਿਰ ਭੈਣੀ ਅੰਦਰ, ਸੂਰਜ ਸਿੱਖੀ ਹੋ ਚਮਕਾਰ।
ਚਾਰੋਂ ਤਰਫ਼ ਫੈਲਾਈਆਂ ਰਿਸ਼ਮਾਂ, ਲੱਗਾ ਦੂਰ ਹੋਣ ਅੰਧਕਾਰ।
ਬਰਖਾ ਹੋਣ ਨਾਮ ਦੀ ਲੱਗੀ, ਹਰੀ ਭਰੀ ਸੀ ਗੁਲਜ਼ਾਰ ।
ਰਾਮ ਸਿੰਘ ਜੀ ਰਾਮ ਰਮਾਇਆ, ਫੈਲੀ ਚਰਚਾ ਦੇਸ ਮਝਾਰ॥
ਸਾਧ ਸੰਤ ਖੁਸ਼ ਥਾਂ ਥਾਂ ਹੋਏ, ਦੋਖੀ ਦੁਸ਼ਮਨ ਹੋਇ ਲਾਚਾਰ।
ਦੇਸ ਪੰਜਾਬ ਵਿੱਚ ਕਰ ਦੌਰੇ, ਲਹਿਰ ਚਲਾਈ ਨਾਮ ਅਪਾਰ।
ਚੋਰੀ ਡਾਕੇ ਠਾਕੇ ਕਰਨੋ, ਕੀਤਾ ਫਿਰ ਕੇ ਦੇਸ਼ ਸੁਧਾਰ ॥
ਲਹਿਰ ਆਜ਼ਾਦੀ ਦੀ ਕਰ ਜਿੰਦਾ, ਸ੍ਵਦੇਸ਼ੀ ਦਾ ਕਰ ਪਰਚਾਰ ॥
ਕਾਇਆ ਪਲਟੀ ਵਿੱਚ ਦਿਨ੍ਹਾਂ ਦੇ, ਗੁਰਮੱਤ ਫੈਲੀ ਘਰ ਘਰ ਬਾਰ।
ਬੇੜਾ ਪੰਥ ਬਚਾਇਆ ਬਾਬੇ, ਡੁੱਬਣ ਦਿੱਤਾ ਨ ਮੰਝਧਾਰ।
ਵਰਨਨ ਕੀਤੇ ਜਾਨ ਨ ਸਾਰੇ, ਬਾਬਾ ਜੀ ਦੇ ਸ਼ੁਭ ਉਪਕਾਰ ।

# ਕਵਿਤਾ

ਸਾਡਾ ਹਰ ਯੁਗ ਸੰਕਟ ਦਾ ਹੈ ਸੰਕਟ ਵਿਚ ਇਨਸਾਨ,
ਸੰਕਟ ਘਿਰੇ ਮਨੁੱਖਾਂ ਚੋਂ ਹੀ ਜਨਮ ਲਏ ਭਗਵਾਨ।

ਧਰਤੀ ਸਾਡਾ ਘਰ, ਏਥੇ ਹੈ ਸਦਾ ਧਰਮ ਦੀ ਹਾਨ,
ਸਾਡੇ ਘਰ ਨੂੰ ਸੋਧਣ ਖਾਤਰ ਰਬ ਹੋਏ ਮਹਿਮਾਨ।

ਇਹ ਰਬ ਸਾਡਾ ਸੱਕਾ ਸੁਨੇਹੀ ਸਾਡੀ ਜਾਨ ਦੀ ਜਾਨ,
ਕਿੰਨਾ ਅਜਬ ਕਿ ਉਹੀ, ਉਹ ਸਾਥੋਂ ਹੋਵੇ ਨਾ ਪਹਿਚਾਨ।

ਕਦੀ ਇਹੋ ਰਬ ਸੂਲੀ ਚੜ੍ਹਦਾ ਵੈਰੀ ਸਕਲ ਜਹਾਨ,
ਸੂਲੀ ਚੜਿਆਂ ਤੇ ਵੀ ਪੱਥਰ ਸੁਟਣ ਲੋਕ ਨਦਾਨ।

ਕਦੀ ਘਰੋਂ ਬੇਘਰ ਹੋ ਜਾਵੇ ਅਪਣੇ ਘਰ ਦੀ ਸ਼ਾਨ,
ਕਦੀ ਦੇਸ ਚੋਂ ਪੁਟਣ ਲੋਕੀਂ ਸੁਟਣ ਦੂਰ ਵਿਰਾਨ।

ਦੇਸ ਰਹੇ ਪਰਦੇਸ ਰਹੇ ਉਹਦਾ ਦੁਖੀਆਂ ਵਿਚ ਧਿਆਨ,
ਨਾਸ਼ੁਕਰੇ ਲੋਕਾਂ ਉਤੇ ਵੀ ਨਿਤ ਉਹਦਾ ਇਹਸਾਨ।

ਰਾਮ ਚੰਦ੍ਰ ਉਹ, ਰਾਮ ਸਿੰਘ ਉਹ ਉਹੀ ਰਾਮ ਰਹਿਮਾਨ ਲੰਕਾ,
ਬਰਮਾ ਭੇਜਣ ਵਾਲਿਆ ਉਸਦਾ ਰੂਪ ਪਛਾਣ।

ਪਰਦੇਸਾਂ ਵਿਚ ਰਹਿਣ ਵਾਲਿਓ ਲਾਓ ਜ਼ਰਾ ਅਨੁਮਾਨ,
ਕੀ ਬੀਤੀ ਸਤਿਗੁਰ ਤੇ ਜਿਸ ਤੋਂ ਖੁੱਸਾ ਹਿੰਦੁਸਤਾਨ।

ਉਸ ਤੋਂ ਕਦੇ ਵਿਸਾਹ ਨਾ ਛੱਡੋ ਉਹ ਹੈ ਸਦਾ ਮਹਾਨ,
ਮੁੜ ਆਵੇਗਾ ਮੁੜ ਆਵੇਗਾ ਸੁਲਤਾਨਾਂ ਸੁਲਤਾਨ।

ਅਜ ਉਸਦੇ ਹਥੀਂ ਹੋਣਾ ਸਾਡਾ ਵਡ ਕਲਿਆਣ,
ਮਹਾ ਹਨੇਰੇ ਜਗ ਮਗ ਜਗ ਮਗ ਉਸਦਾ ਗੂੜ੍ਹ ਗਿਆਨ।

ਬਿਨਸ ਜਾਇਗਾ ਪਾਪ ਧਰਮ ਮੁੜ ਹੋਵੇਗਾ ਪਰਧਾਨ,
ਮੁੜ ਆਵੇਗਾ ਮੁੜ ਆਵੇਗਾ ਉਹ ਸ਼ਾਨਾਂ ਦੀ ਸ਼ਾਨ।

**ਡਾ. ਹਰਿਭਜਨ ਸਿੰਘ**

# ਅੜਬੰਗੀ (ਨਾਵਲ)

-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਸਾਹਿਬ ! ਮੈਨੂੰ ਨਹੀਂ ਪਤਾ ਉਹ ਕੌਣ ਸਨ, ਪਰ ਇਕ ਬਾਗੜੀਆ ਜਿਹਾ ਨਾਲ ਦਿਆਂ ਨੂੰ ਕਹਿ ਰਿਹਾ ਸੀ, "ਗੱਲਾਂ ਨਾ ਕਰੋ, ਨਾਮ ਜਪੋ!"

ਮੈਂ ਸਮਝ ਲਿਆ ਕਿ ਇਹ ਉਹੀ ਬਾਗੜੀ ਸਨ, ਜੋ ਸਾਨੂੰ ਛੱਡਣ ਆਏ ਸਨ। "ਮੈਂ ਕਿਹਾ ਕੁਝ ਹੋਰ ਨਹੀਂ ਸਨ ਬੋਲੇ?"

"ਜਾਣ ਲੱਗਿਆਂ ਇਨਾ ਕਿਹਾ ਸੀ ਕਿ, ਵੇਖੀਂ ਓਏ ਜੱਟਾ ਐਵੇਂ ਬੇਗੁਨਾਹਾਂ ਨੂੰ ਨਾ ਮਾਰ ਪੁਆਈਂ? ਜਾਹ ਭੋਏਵਾਲੀ ਜਾ ਕੇ ਆਖ ਬਾਰਬਰਟਨ ਨੂੰ ਜੇ ਸਾਨੂੰ ਫੜਨ ਲਈ ਆਇਆ ਹੈ, ਤੈਨੂੰ ਲੁੱਟਣ ਵਾਲੇ ਸੰਤ ਭਗਵਾਨ ਸਿੰਘ ਅੜਬੰਗੀ ਦੇ ਗਰੋਹ ਦੇ ਬੰਦੇ ਹਨ।"

ਅੜਬੰਗੀ ਦਾ ਨਾਂ ਸੁਣ ਕੇ ਮੈਨੂੰ ਤਰੇਲੀ ਆ ਗਈ। ਮੈਂ ਮਨ ਹੀ ਮਨ ਵਿਚ ਕਿਹਾ ਕਿ ਸਾਡੇ ਕੋਲ ਕਿੱਡੇ ਪਖੰਡ ਕਰਦਾ ਸੀ ਉਹ। ਆਖਰ ਗੁਜ਼ਾਰਾ ਕਿਵੇਂ ਹੋ ਸਕਦਾ ਹੈ ਬਿਨਾਂ ਲੁੱਟ ਖਸੁੱਟ ਕੀਤਿਆਂ। ਮੈਂ ਸੋਚਦਾ ਸਾਂ ਕਿ ਇਹ ਅੜਬੰਗੀ ਹੈ ਜਾਂ ਕੋਈ ਬਲਾ!

"ਸਰਕਾਰ ਇਥੋਂ ਛੇਤੀ ਚਲੋ ਚਲੋ ? ਇਹ ਮੇਰੀ ਵਾਸਣੀ ਵਿਚ ਅਜੇ 500 ਰੁਪਏ ਬਾਕੀ ਹਨ, ਜੋ ਮੈਂ ਲੁਕਾ ਕੇ ਰੱਖ ਲਏ ਹਨ, ਜਿਸ ਦਾ ਡਾਕੂਆਂ ਨੂੰ ਪਤਾ ਨਹੀਂ ਲੱਗਾ, ਕਿਤੇ ਅਜਿਹਾ ਨਾ ਹੋ ਜਾਵੇ ਜੋ ਉਹ ਮੁੜ ਪਰਤ ਆਉਣ, ਅਤੇ ਮੇਰੀ ਬਚੀ ਖੁਚੀ ਪੂੰਜੀ ਵੀ ਉਡਾ ਲੈਣ। ਜੱਟ ਆਖਣ ਲੱਗਿਆ।

ਉਹ ਗਰਮੀ ਦੇ ਦਿਨਾਂ ਵਿਚ ਵੀ ਥਰ ਥਰ ਕੰਬਦਾ ਸੀ ਅਤੇ ਮੇਰਾ ਖਹਿੜਾ ਨਹੀਂ ਸੀ ਛੱਡਦਾ। ਮੈਂ ਉਸ ਨੂੰ ਆਪਣੇ ਨਾਲ ਹੀ ਲੈ ਆਇਆ।

ਡੇਰੇ ਪੁੱਜ ਕੇ ਉਸ ਕਿਹਾ, "ਔਹ ਵਾਸਣੀ ਕਿਥੇ ਰੱਖਾਂ ਨੂੰ" ਇਹ ਆਖ ਬਿਨਾ ਮੇਰੇ ਜਵਾਬ ਦੀ ਉਡੀਕ ਕੀਤੇ ਵਾਸਣੀ ਮੇਰੇ ਪਲੰਘ ਦੇ ਪਾਵੇ ਨਾਲ ਲਟਕਾ ਦਿੱਤੀ ਅਤੇ ਆਖਣ ਲੱਗਿਆ, "ਮਾਪਿਆ! ਇਹ ਮੇਰੀ ਜਮਾਂ ਪੂੰਜੀ ਹੈ, ਖ਼ਿਆਲ ਰੱਖਣਾ। ਉਹ ਰੋਂਦਾ ਸੀ ਤੇ ਅੜਬੰਗੀ ਨੂੰ ਗਾਲਾਂ ਦੇ ਰਿਹਾ ਸੀ।

"ਫਿਕਰ ਨਾ ਕਰ? ਇਥੇ ਚਿੜੀ ਵੀ ਪਰ ਨਹੀਂ ਮਾਰ ਸਕਦੀ। ਮੇਰੇ ਡੇਰੇ ਦੁਆਲੇ ਕਦਮ ਕਦਮ ਤੇ ਸਿਪਾਹੀ ਬੰਦੂਕਾਂ ਲਈ ਖਲੋਤੇ ਹਨ।" ਮੈਂ ਕਿਹਾ।

"ਸਰਕਾਰ ਮਾਰੇ ਡਰ ਦੇ ਮੈਨੂੰ ਤੇ ਸਾਰੇ ਪਾਸੇ ਡਾਕੂ ਹੀ ਡਾਕੂ ਦਿਸ ਰਹੇ ਹਨ। ਮੈਂ ਤੇ ਅਜ ਇਥੇ ਸਰਕਾਰ ਦੇ ਕਦਮਾਂ ਵਿਚ ਹੀ ਰਾਤ ਬਿਤਾਊਂਗਾ। ਨਹੀਂ ਤੇ ਮੈਂ ਸਾਰੀ ਰਾਤ ਬਰੜਾ ਬਰੜਾ ਕੇ ਉਠਾਂਗਾ।"

ਤੂੰ ਰਤਾ ਜਿੰਨਾ ਫਿਕਰ ਨਾ ਕਰ ? ਜਿਥੇ ਤੇਰਾ ਜੀ ਚਾਹੇ ਸੌਂ ਰਹਿ। ਮੈਂ ਉਸ ਨੂੰ ਦਿਲਾਸਾ ਦਿੰਦਿਆਂ ਕਿਹਾ।

ਦਲੀਪ ਸਿੰਘ ਤੇ ਫਜਲੇ ਕਰੀਮ ਖਾਂ ਨੂੰ ਕਿਹਾ ਕਿ ਦਿਨ ਚੜ੍ਹਣ ਤੋਂ ਪਹਿਲਾਂ ਹੀ ਇਸ ਨੂੰ ਇਸ ਦੇ ਪਿੰਡ ਮਾਣਕ ਪੁਰ ਛੱਡ ਆਉਣਾ।

ਮੈਂ ਖਾ ਪੀ ਕੇ ਸੌਂ ਗਿਆ। ਉਸ ਜੱਟ ਨੂੰ ਬਹੁਤ ਜ਼ੋਰ ਲਾਇਆ ਕਿ ਤੂੰ ਵੀ ਕੁਝ ਖਾਹ। ਉਹ ਕਹੇ,'ਜੀ ਜਿੰਨਾ ਚਿਰ ਮੇਰੀ ਤੀਵੀਂ ਨਾ ਮੁੜ ਆਏ, ਮੇਰੇ ਸੰਘੋ ਅੰਨ ਜਲ ਨਹੀਂ ਲੰਘ ਸਕਦਾ। ਉਹ ਮੇਰੇ ਕੋਲੋਂ ਕੁਝ ਦੂਰ ਸਿਪਾਹੀਆਂ ਕੋਲ ਪੈ ਗਿਆ।

ਦਲੀਪ ਸਿੰਘ ਨੇ ਤੜਕੇ ਹੀ ਉਸ ਨੂੰ ਸਿਪਾਹੀ ਦੇ ਕੇ ਤੋਰ ਦਿੱਤਾ। ਜਦ ਮੈ ਉੱਠ ਕੇ ਸਵੇਰੇ ਸੈਰ ਕਰਨ ਜਾਣ ਲੱਗਾ ਤਾਂ ਸੋਟੀ ਦੀ ਭਾਲ ਕੀਤੀ। ਸਾਰੀ ਕੋਠੀ ਦਾ ਕੋਨਾ ਕੋਨਾ ਛਾਣ ਮਾਰਿਆ ਪਰ ਸੋਟੀ ਨਾ ਮਿਲੀ। ਸੋਟੀ ਨਾ ਮਿਲਣ ਤੇ ਮੈਂ ਬਹੁਤ ਡਰਿਆ।

ਸਿਪਾਹੀਆਂ ਨੂੰ ਘੂਰ ਘੱਪ ਕੀਤੀ। ਮੈਂ ਮਨ ਹੀ ਮਨ ਕਿਹਾ, ਤਦ ਕੀ ਮੈਨੂੰ ਦੂਜੀ ਵਾਰੀ ਅੜਬੰਗੀ ਫਿਰ ਬੁੱਧੂ ਬਣਾ ਗਿਆ! ਮੇਰੇ ਚਾਲਾਕ ਮੁਖਬਰਾਂ, ਸੀ ਆਈ ਡੀ. ਦੇ ਜਾਸੂਸਾਂ, ਦਲੀਪ ਖੰਡੇ ਜਿਹੇ ਸਿਆਣਿਆਂ ਅਤੇ ਫਜ਼ਲੇ ਕਰੀਮ ਤੇ ਮੁਹੰਮਦ ਸਰਵਰ ਜਿਹੇ ਮੱਕਾਰ ਘਮੰਡੀਆਂ, ਸਭ ਦੇ ਅੱਖੀਂ ਘੱਟਾ ਪਾ ਗਿਆ ਅਤੇ 500 ਰੁਪਏ ਦੀ ਛੜੀ ਵੀ ਲੈ ਗਿਆ। ਪਰ ਕੋਈ ਨਾ, ਐਹ ਵਾਸਣੀ ਤੇ ਇਥੇ ਹੀ ਛੱਡ ਗਿਆ। 500 ਰੁਪਏ ਇਸ ਵਿਚ ਦਸਦਾ ਸੀ। ਮੇਰਾ ਕੁਝ ਨਹੀਂ ਗਿਆ।

ਮੈਂ ਖੰਡੇ ਨੂੰ ਕਿਹਾ ਵਾਸਣੀ ਖੋਲ੍ਹ ! ਵਾਸਣੀ ਖੋਲ੍ਹਦਿਆਂ ਖੰਡੇ ਦਾ ਚਿਹਰਾ ਫੱਕ ਹੋ ਗਿਆ। ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦ ਗੋਲ ਗੋਲ ਰੁਪਈਏ ਜੇਡੇ ਲੋਹੇ ਦੇ ਟੁਕੜੇ ਨਿਕਲੇ। ਮੈਂ ਮੱਥੇ ਤੇ ਹੱਥ ਮਾਰ ਕੇ ਕਿਹਾ - ਕਾਸ਼ ! ਕਦੀ ਅੜਬੰਗੀ ਜਿਹੇ ਮੇਰੀ ਪੁਲੀਸ ਵਿਚ ਹੁੰਦੇ!

ਇਕ ਮਹੀਨਾ ਘੱਟਾ ਫੱਕ, ਬੀਮਾਰ ਹੋ ਕੇ ਤੇ 500 ਰੁਪਏ ਦੀ ਛੜੀ ਗੁਆ ਕੇ ਮੇਰੀਆਂ ਲਾਡਲੀਆਂ ਫ਼ੌਜਾਂ ਲੁਧਿਆਣੇ ਆ ਬਿਰਾਜੀਆਂ।

## ੬

ਇਕ ਦਿਨ ਮੈਂ ਸਰਕਾਰੀ ਕੰਮ ਲਈ ਭੈਣੀ ਗਿਆ। ਖੰਡਾ ਵੀ ਮੇਰੇ ਨਾਲ ਸੀ। ਜਦ ਮੈਂ ਕੂਕਿਆਂ ਦੇ ਗੁਰੂ ਹਰੀ ਸਿੰਘ ਕੋਲ ਗਿਆ। ਉੱਥੇ ਉਨ੍ਹਾਂ ਦੇ ਮੰਜੇ ਨਾਲ ਸਰਹਾਣੇ ਵੱਲ ਪਾਵੇ ਨਾਲ ਖਲੋਤੀ ਆਪਣੀ ਓਹੀ ਛੜੀ ਡਿੱਠੀ। ਮੈਂ ਸੋਟੀ ਚੁੱਕ ਕੇ ਕਿਹਾ -

"ਬਾਬਾ ਸਾਹਿਬ ਇਹ ਕਿੱਥੋਂ ਆਈ ਜੇ?"

ਸਾਹਿਬ ਜੋ ਚੀਜ਼ ਸਿੱਖਾਂ ਨੂੰ ਚੰਗੀ ਲੱਗਦੀ ਹੈ, ਉਹ ਆਪ ਹੀ ਅਰਪਨ ਕਰ ਜਾਂਦੇ ਹਨ। ਅਸੀਂ ਕਿਤੋਂ ਨਹੀਂ ਮੰਗਵਾਈ। ਉਨ੍ਹਾਂ ਬੜੀ ਧੀਰਜ ਤੇ ਅਝਿਜਕਵੀਂ ਆਵਾਜ਼ ਨਾਲ ਕਿਹਾ।

"ਕਿਸ ਦਿੱਤੀ ਜੇ ਇਹ ? ਮੈਂ ਪੁੱਛਿਆ।

ਤੁਸੀਂ ਵੇਖ ਹੀ ਰਹੇ ਜੇ, ਇਥੇ ਜੋ ਕੋਈ ਭੇਟ ਚੜ੍ਹਾਉਂਦਾ ਹੈ, ਕਿਸੇ ਦਾ ਵੀ ਨਾਮ ਗ੍ਰਾਮ ਨਹੀਂ ਪੁੱਛਿਆ-ਲਿਖਿਆ ਜਾਂਦਾ ਅਤੇ ਨਾ ਹੀ ਇਹ ਵੇਖਿਆ ਜਾਂਦਾ ਹੈ ਕਿ ਕੌਣ, ਕਿੰਨੀ ਤੇ ਕੀ ਭੇਟਾ ਧਰ ਗਿਆ ? ਹਾਂ ਜੇ ਛੜੀ ਤੁਹਾਨੂੰ ਪਸੰਦ ਹੈ ਤਾਂ ਲੈ ਲਓ ਇਹ ਆਖ ਉਨ੍ਹਾਂ ਸੋਟੀ ਚੁੱਕ ਕੇ ਮੇਰੇ ਹੱਥ ਵਿਚ ਦੇ ਦਿੱਤੀ।

ਮੈਂ ਹੱਥ ਵਿਚ ਲੈ ਕੇ ਉਲਟ ਪਲਟ ਕਰਕੇ ਵੇਖ ਕੇ ਕਿਹਾ - ਮੈਂ ਤੇ ਐਵੇਂ ਸਾਧਾਰਨ ਗੱਲ ਕੀਤੀ ਹੈ। ਸਿਖ ਨੇ ਸ਼ਰਧਾ ਨਾਲ ਆਪ ਜੀ ਲਈ ਲਿਆਂਦੀ ਹੈ। ਕਿਸੇ ਦੂਜੇ ਕੋਲ ਵੇਖ ਉਸ ਦੇ ਜਜ਼ਬਾਤ ਨੂੰ ਠੇਸ ਲੱਗੇਗੀ। ਪਰ ਅੰਦਰੋਂ ਮੇਰੇ ਲੂਹਰੀਆਂ ਉੱਠ ਰਹੀਆਂ ਸਨ। ਮੈਂ ਇਹ ਗੱਲ ਕਿਸੇ ਨਾਲ ਵੀ ਕਰਨੀ ਨਹੀਂ ਸੀ ਚਾਹੁੰਦਾ ਅਤੇ ਦਿਲੋਂ ਹੀ ਭੁਲਾ ਛੱਡੀ ਸੀ, ਅੱਜ ਵੇਖ ਕੇ ਫਿਰ ਯਾਦ ਤਾਜ਼ਾ ਹੋ ਗਈ। ਪਰ ਮੈਂ ਆਪਣੀ ਝੇਪ ਮਿਟਾਉਣ ਲਈ ਕਿਹਾ -

"ਤੁਹਾਡੀ ਦਿੱਤੀ ਛੜੀ ਮੈਨੂੰ ਮਿਲ ਗਈ ਹੈ। ਇਹ ਮੇਰੇ ਵਲੋਂ ਭੇਟਾ ਸਮਝ ਲਓ।

ਸਾਹਿਬ ਇਹ ਤੇ ਉੱਕਾ ਪੁੱਕਾ ਤੁਹਾਡੀ ਛੜੀ ਨਾਲ ਰਲਵੀਂ ਮਿਲਵੀਂ ਜਾਪਦੀ ਹੈ। ਦਲੀਪ ਨੇ ਸੋਟੀ ਵੇਖ ਕੇ ਕਿਹਾ।

ਦੁਨੀਆ ਵਿਚ ਕਈ ਮੁਹਾਂਦਰੇ ਇਕ ਦੂਜੇ ਨਾਲ ਮਿਲ ਜਾਂਦੇ ਹਨ, ਮੈਂ ਦਲੀਪ ਨੂੰ ਚੁੱਪ ਕਰਾਉਣ ਲਈ ਕਿਹਾ, ਪਰ ਪਤਾ ਨਹੀਂ ਮਹਾਰਾਜ ਦੇ ਦਿਲ ਵਿਚ ਕੀ ਆਈ। ਉਨ੍ਹਾਂ ਮਾਈ ਜੀਊਣ ਕੌਰ ਨੂੰ ਅਵਾਜ਼ ਦੇ ਕੇ ਕਿਹਾ -

"ਜੀਊਣ ਕੌਰੇ! ਇਹ ਛੜੀ ਸੰਭਾਲ ਕੇ ਰੱਖ ਲੈ, ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਜੀ ਆਉਣਗੇ, ਉਨ੍ਹਾਂ ਦੇ ਹਸਤ-ਕੰਵਲਾਂ ਵਿਚ ਧਾਰਨ ਕਰਾਵਾਂਗੇ। ਅਜਿਹੀ ਚੰਗੀ ਚੀਜ਼ ਸਾਡੇ ਲਾਇਕ ਨਹੀਂ।"

ਮਾਈ ਨੇ ਛੜੀ ਫੜ ਲਈ ਅਤੇ ਮੈਂ ਕਲਪਦਾ ਲੁਧਿਆਣੇ ਵਾਪਸ ਆ ਗਿਆ।

**ਚਲਦਾ..............................**

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

# ਸੁੱਚੇ ਮੋਤੀ

**ਦੁਨੀਆਂ ਦੇ 8 ਮਨੁੱਖ ਇੰਨੇ ਆਮੀਰ ਸੀ ਕਿ ਉਹਨਾਂ ਕੋਲ ਅਮਰੀਕਾ ਦੀ ਗੌਰਮਿੰਟ ਨਾਲ਼ੋਂ ਵੱਧ ਪੈਸਾ ਸੀ।**
**ਉਹਨਾਂ ਦਾ ਅੰਤ ਕਿਵੇਂ ਹੋਇਆ, ਆਓ ਦੇਖੀਏ !!!**

1. ਪਹਿਲਾ ਸੀ, ਚਾਰਲਸ ਸ਼ਿਵਾਬ, ਸਟੀਲ ਕੰਪਨੀ ਦਾ ਮਾਲਕ ! ਇਹ ਦੀਵਾਲੀਆ ਹੋ ਕੇ ਮਰਿਆ !

2. ਹਾਵਰਡ ਹਬਸਨ, ਇਹ ਪਾਗਲ ਹੋ ਕੇ ਮਰਿਆ !

3. ਆਰਥਰ ਕਟਨ, ਇਹ ਅੰਨ ਦਾ ਵਾਪਾਰੀ, ਇਹ ਕਰਜਾਈ ਹੋ ਕੇ ਮਰਿਆ !

4. ਰਿਚਰਡ ਵਿਟਨੇਅ, ਜੇਲ੍ਹ ਚ ਮਰਿਆ !

5. ਐਲਬਰਟ ਫਾਲ, ਇਸ ਨੂੰ ਮਾਫ਼ੀ ਦਿੱਤੀ ਗਈ, ਤੇ ਘਰ ਚੋਂ ਬਾਹਰ ਜਾਣ ਦਾ ਹੁਕਮ ਨਾਂ ਹੋਣ ਕਰਕੇ ਘਰੇ ਮਰਿਆ !

6. ਜੈਸੀ ਲਿਵਰ, ਵਾਲ ਸਟਰੀਟ ਦਾ ਵੱਡਾ ਖਰੀਦਦਾਰ, ਆਤਮ ਹੱਤਿਆ ਕਰਕੇ ਮਰਿਆ !

7. ਲੀਓਨ ਫਰੇਜਰ, ਵੱਡੀਆਂ ਵੱਡੀਆਂ ਕੰਪਨੀਆਂ ਦਾ ਮਾਲਕ, ਆਤਮ ਹੱਤਿਆ ਕਰਕੇ ਮਰਿਆ !

8. ਈਵਾਨ ਕਰੂਗਰ, ਬੈਂਕਾਂ ਦਾ ਮਾਲਕ, ਆਤਮ ਹੱਤਿਆ ਕਰਕੇ ਮਰਿਆ !.

ਇਹ ਸਾਰੇ ਲੋਕ ਸਿਰਫ ਪੈਸਾ ਕਮਾਉਣਾ ਜਾਣਦੇ ਸੀ, ਪਰ ਜਿਉਣਾਂ ਭੁੱਲ ਗਏ, ਕਿ ਜ਼ਿੰਦਗੀ ਕੀ ਹੈ ? ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਸੀ, ਕਿ ਅਸੀਂ ਜੀਉਂਦੇ ਹਾਂ ਤੇ ਸਾਡੇ ਆਲੇ ਦੁਆਲੇ ਹੋਰ ਮਨੁੱਖ, ਪਸ਼ੂ-ਪੰਛੀ, ਕੁਦਰਤ ,ਆਸਮਾਨ, ਹਵਾ, ਫੁੱਲ, ਸਾਰੀ ਕਾਇਨਾਤ ਜਿਉਂ ਰਹੀ ਹੈ !

**ਗੱਲ ਉਹਨਾਂ 8 ਬੰਦਿਆਂ ਦੀ ਹੀ ਨਹੀਂ ਹੈ**

1.ਗ਼ਦਾਫੀ ਤੇ ਸੁਦਾਮ ਹੁਸੈਨ ਦੀ ਮੌਤ ਆਪਾਂ ਦੇਖੀ ਹੈ !

2.ਜਰਮਨ ਦਾ ਸੀਮਿੰਟ ਦਾ ਅਰਬਾਂ-ਪਤੀ, ਗੱਡੀ ਥੱਲੇ ਆ ਕੇ ਮਰਿਆ ਥੋੜ੍ਹੇ ਸਾਲ ਪਹਿਲਾਂ, ਘਾਟਾ ਨਹੀਂ ਝੱਲ ਸਕਿਆ।

3.ਮਿਡਲ ਈਸਟ ਦੇ ਸ਼ਹਿਨਸ਼ਾਹ ਨੇ ਹੁਕਮ ਕੀਤਾ ਸੀ, ਕਿ ਉਹਦੀ ਕਬਰ ਦਾ ਕਿਸੇ ਨੂੰ ਪਤਾ ਨਾਂ ਲੱਗੇ ਕਿ ਕਿੱਥੇ ਦੱਬਿਆ ਗਿਆ।

ਪੈਸਾ ਜ਼ਰੂਰਤ ਹੈ। ਪੈਸੇ ਦੀ ਲੋੜ ਹੈ ! ਪਰ ਪੈਸਾ ਜ਼ਿੰਦਗੀ ਨਹੀਂ ਹੈ। ਜੇ ਤੁਸੀਂ ਆਪਣੇ ਲੋਕਾਂ ਨਾਲ਼ੋਂ, ਸਮਾਜ ਨਾਲ਼ੋਂ ਅਤੇ ਭਾਈਚਾਰੇ ਨਾਲ਼ੋਂ, ਇਸ ਕਰਕੇ ਟੁੱਟ ਚੁੱਕੇ ਹੋ ਕਿ ਤੁਸੀਂ ਬਹੁਤ ਆਮੀਰ ਹੋ, ਤਾਂ ਹੋ ਸਕਦਾ ਤੁਹਾਡਾ ਅੰਤ ਵੀ ਇਹਨਾਂ ਆਮੀਰਾਂ ਵਰਗਾ ਹੋਵੇ।

ਜੇ ਅਮੀਰ ਹੀ ਹੋਣਾ ਹੈ, ਤਾਂ ਵਾਰਨ ਬਫੇਟਸ ਵਰਗੇ ਹੋਵੋ, ਜੋ ਦੁਨੀਆਂ ਦਾ ਸਭ ਤੋਂ ਅਮੀਰ ਗਿਣਿਆ ਜਾਣ ਵਾਲਾ ਮਨੁੱਖ ਹੈ, ਪਰ ਜੋ ਸਾਦੇ ਜਿਹੇ ਘਰ 'ਚ ਰਹਿੰਦਾ ਹੈ !

**ਉਹ ਜ਼ਿੰਦਗੀ ਦੇ ਰਾਜ਼ ਇਉਂ ਦੱਸਦਾ ਕਿ :-**

1. ਖ਼ੁਸ਼ੀ ਬਾਹਰੋਂ ਨਹੀਂ ਆਉਂਦੀ, ਇਹ ਤੁਹਾਡੇ ਆਪਣਿਆਂ ਨਾਲ(ਦੋਸਤ ਰਿਸ਼ਤੇਦਾਰ )ਖੁਸ਼ੀ ਵਰਤਾਰੇ ਕਰਕੇ ਹੈ।

2. ਸਾਦਗੀ ਅਤੇ ਸ਼ਾਤੀ ਚ ਜੀਓ।

3. ਬਹੁਤਾ ਗੂੜ੍ਹ ਗਿਆਨ ਨਾਂ ਕੱਠਾ ਕਰੋ, ਸਾਦਾ ਸੋਚੋ।

4. ਪੈਸੇ ਜ਼ਰੂਰ ਜੋੜੋ, ਪਰ ਸਾਰਾ ਧਿਆਨ ਇਹਦੇ ਚ ਹੀ ਨਾਂ ਖਰਚ ਹੋ ਜੇ.. !

5.ਜੀਓ ਅਤੇ ਜੀਣ ਦਿਓ।

6.ਸਵਾਰਥ ਅਤੇ ਪੈਸਾ ਰਿਸ਼ਤਿਆਂ ਨੂੰ ਖਰਾਬ ਕਰਦਾ ਹੈ।

7. ਕਦੇ ਕੱਟੜ ਨਾਂ ਬਣੋ, ਕੱਟੜਤਾ ਸ਼ਾਤੀ ਦੀ ਦੁਸ਼ਮਣ ਏ।

8. ਕਿਸੇ ਦੀ ਜ਼ਿੰਦਗੀ 'ਚ ਬੇ-ਵਜ੍ਹਾ ਦਖਲ ਨਾ ਦਿਓ ਜੀ।

9.ਕਿਸੇ ਦਾ ਕਦੇ ਵੀ ਦਿਲ ਨਾ ਦੁਖਾਓ।

10. ਜੀਵਨ ਬਹੁਤ ਛੋਟਾ ਏ। ਕਿਰਪਾ ਕਰਕੇ ਵੈਰ ਵਿਰੋਧ ਛੱਡਕੇ, ਦੁਨੀਆਂ ਨੂੰ ਹੋਰ ਖੂਬਸੁਰਤ ਬਣਾਈਏ ਜੀ ।

# ਬੱਚਿਆਂ ਦਾ ਪੰਨਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਪਿਤਾ ਬਾਬਾ ਜੱਸਾ ਸਿੰਘ ਜੀ ਮਾਤਾ ਸਦਾ ਕੌਰ ਜੀ ਦੇ ਘਰ ਅਠਾਰਾਂ ਸੌ ਬਹੱਤਰ ਬਿਕ੍ਰਮੀ, ਵੀਰਵਾਰ ਮਾਘ ਦੀ ਬਸੰਤ ਪੰਚਮੀ ਵਾਲੀ ਰਾਤ ਨੂੰ ਰਾਈਆਂ ਭੈਣੀ ਨਾਮ ਪਿੰਡ ਜਿਲਾ ਲੁਦਿਹਾਣਾ (ਲੁਧਿਆਣਾ) ਵਿੱਚ ਪ੍ਰਗਟ ਹੋਏ ।

ਵੱਡੇ ਹੋਕੇ ਕੁਝ ਚਿਰ ਆਪ ਨੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਕੀਤੀ। ਕਾਰਜ ਵਸ ਆਪਦੀ ਪਲਟਨ ਹਜ਼ਰੋ ਸਾਹਿਬ ਗਈ ।

ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਜਸ ਸੁਣਕੇ ਆਪ ਦਰਸ਼ਨ ਕਰਨ ਗਏ । ਜਦ ਭਜਨ ਲਈ ਬੇਨਤੀ ਕੀਤੀ, ਤਦ ਗੁਰੂ ਬਾਲਕ ਸਿੰਘ ਜੀ ਕਿਹਾ–

" ਠਾਕੁਰ ਜੀ, ਅਸੀਂ ਤਾਂ ਤੁਹਾਡੀ ਉਡੀਕ ਵਿੱਚ ਬੈਠੇ ਸਾਂ। ਇਹ ਤਾਂ ਅਮਾਨਤ ਹੀ ਤੁਹਾਡੀ ਏ। "

ਇਹ ਆਖ, ਪੁਰਾਤਨ ਮਰਯਾਦਾ ਅਨੁਸਾਰ ਪੰਜ ਪੈਸੇ ਤੇ ਨਾਲੀਅਰ ਰੱਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਤਾ ਅਰਪਣ ਕਰ ਦਿੱਤੀ।

ਆਪ ਫੌਜ ਵਿੱਚੋਂ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਕਈ ਲੱਖ ਸਿੱਖ ਨਾਮ ਦੇ ਜਹਾਜ ਤੇ ਚੜਾਇਆ। ਆਪ ਦੇ ਸਿਦਕੀ ਸਿੱਖਾਂ ਨੇ ਗਊ ਗਰੀਬ ਦਾ ਦੁੱਖ ਨਾ ਬਰਦਾਸ਼ਤ ਕਰਦਿਆਂ ਹੋਇਆਂ ਅੰਮ੍ਰਿਤਸਰ, ਜਿੱਥੇ ਕਿ ਘੰਟਾ ਘਰ ਵਾਲੇ ਮੈਦਾਨ ਵਿਚ ਅਤੇ ਦਰਬਾਰ ਸਾਹਿਬ ਦੇ ਨਜ਼ਦੀਕ, ਬੁੱਚੜ ਖਾਨਾ ਬਣਿਆ ਸੀ, ਬੁੱਚੜ ਮਾਰਕੇ ਗਾਈਆਂ ਬਚਾਈਆਂ !

ਹੱਸਦੇ ਹੱਸਦੇ ਧਰਮ ਪਿੱਛੇ ਸ਼ਹੀਦ ਹੋਏ।

ਵਕਤ ਦੀ ਹਕੂਮਤ ਆਪ ਦੇ ਵਧ ਰਹੇ ਤੇਜ ਪ੍ਰਤਾਪ ਨੂੰ ਵੇਖਕੇ ਜਰ ਨ ਸਕੀ ਅਤੇ ਆਪ ਨੂੰ ਬਗੈਰ ਕਿਸੇ ਕਸੂਰ ਦੇ ਬ੍ਰਹਮਾ ਵਿੱਚ ਜਲਾਵਤਨ ਕਰ ਦਿੱਤਾ।

ਆਪ ਜੀ ਦੇ ਪਿੱਛੋਂ ਧਰਮ ਪ੍ਰਚਾਰ ਅਤੇ ਨਾਮਧਾਰੀ ਪੰਥ ਦੀ ਦੇਖ ਭਾਲ ਸ੍ਰੀ ਗੁਰੂ ਹਰੀ ਸਿੰਘ ਜੀ ਓਸੇ ਤਰ੍ਹਾਂ ਹੀ ਕਰਦੇ ਰਹੇ । ਜੋ ਅੱਜ ਤੀਕ ਉਨ੍ਹਾਂ ਦੀ ਕ੍ਰਿਪਾ ਸਦਕਾ ਸਮੇਂ ਦੇ ਸਤਿਗੁਰੂ ਓਸੇ ਰੂਪ ਵਿੱਚ ਕਰ ਰਹੇ ਹਨ।

**–ਸੰਤ ਇੰਦਰ ਸਿੰਘ ਚੱਕਰਵਰਤੀ**

# ਖ਼ਬਰਨਾਮਾ

## 2018 ਦਾ ਵਾਰਸ਼ਿਕ ਵਿਦਿਅਕ ਸੰਮੇਲਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਜ਼ਾ ਅਨੁਸਾਰ ਇਸ ਵਾਰ 2018 ਦਾ ਵਾਰਸ਼ਿਕ ਵਿੱਦਿਅਕ ਸੰਮੇਲਨ 28, 29 ਅਤੇ 30 ਦਿਸੰਬ ਰ 2018 ਨੂੰ ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਦਿੱਲੀ ਵਿਖੇ ਹੋਇਆ। ਇਹ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦਾ 53ਵਾਂ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦਾ 35ਵਾਂ ਵਾਰਸ਼ਿਕ ਸੰਮੇਲਨ ਸੀ। ਇਸ ਸਾਲ ਦਾ ਵਿੱਦਿਅਕ ਸੰਮੇਲਨ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ।

28 ਤਾਰੀਖ ਨੂੰ ਹੀ ਦਿੱਲੀ ਵਿਖੇ ਵਿਗਿਆਨ ਭਵਨ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਤਰ-ਰਾਸ਼ਟਰੀ ਸੈਮੀਨਾਰ ਵੀ ਹੋਇਆ। ਇਹ ਸੈਮੀਨਾਰ ਸਭਿਆਚਾਰ ਮੰਤਰਾਲਾ, ਭਾਰਤ ਸਰਕਾਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਸੈਮੀਨਾਰ ਵਿਚ ਨਾਮੀ ਗਿਰਾਮੀ ਰਿਸਰਚ ਸਕਾਲਰਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਆਪਣੇ ਰਿਸਰਚ ਪੇਪਰ ਪੜ੍ਹੇ।

18 ਨਵੰਬਰ ਨੂੰ ਸ੍ਰੀ ਸਤਿਗੁਰੂ ਜੀ ਵੱਲੋਂ ਇਸ ਵਾਰ ਦਾ ਵਾਰਸ਼ਿਕ ਵਿੱਦਿਅਕ ਸੰਮੇਲਨ ਦਿੱਲੀ ਕਰਨ ਦਾ ਹੁਕਮ ਹੋਇਆ। 3 ਦਿਸੰਬਰ ਨੂੰ ਪਾਤਸ਼ਾਹ ਜੀ ਨੇ ਨਾਮਧਾਰੀ ਗੁਰੂਦੁਆਰਾ, ਰਮੇਸ਼ ਨਗਰ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇੱਕ ਪਰੈਸਨਟੇਸ਼ਨ ਰਾਹੀਂ ਦਿੱਲੀ ਵਿਚ ਵਿਦਿਅਕ ਸੰਮੇਲਨ ਕਰਨ ਲਈ ਖਾਕਾ ਪੇਸ਼ ਕੀਤਾ ਗਿਆ।

4 ਦਿਸੰਬਰ ਨੂੰ ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ, ਦਿੱਲੀ ਵਿਖੇ ਵਾਰਸ਼ਿਕ ਵਿੱਦਿਅਕ ਸੰਮੇਲਨ 2018 ਦੀ ਵਿਉਂਤਬੰਦੀ ਅਤੇ ਤਿਆਰੀਆਂ ਲਈ ਸਮੂਹ ਨਾਮਧਾਰੀ ਸੰਗਤ ਦਿੱਲੀ ਦੀ ਪਹਿਲੀ ਵਿਸ਼ੇਸ਼ ਵਿਸ਼ਾਲ ਇਕੱਤਰਤਾ ਹੋਈ, ਜਿਸ ਵਿਚ ਸਮੂਹ ਸੰਗਤ, ਸੂਬੇ ਸਾਹਿਬਾਨ, ਪ੍ਰਧਾਨ, ਸੇਵਾਦਾਰਾਂ, ਨੌਜਵਾਨਾਂ, ਬੀਬੀਆਂ ਅਤੇ ਵਿੱਦਿਅਕ ਜਥੇ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ।

ਇਸ ਇਕੱਤਰਤਾ ਵਿਚ ਸਭ ਨੇ ਵਧ ਚੜ੍ਹ ਕੇ ਆਪਣੇ ਸੁਝਾਅ ਦਿੱਤੇ ਅਤੇ ਆਪ ਮੰਗ ਕੇ ਸੇਵਾਵਾਂ ਲਈਆਂ। ਇਸ ਇਕੱਤਰਤਾ ਵਿਚ ਪਾਰਕਿੰਗ, ਪੰਡਾਲ, ਲੰਗਰ, ਡੇਰਿਆਂ, ਟਰਾਂਸਪੋਰਟ, ਸਿਕਿਉਰਿਟੀ, ਹੈਲਪਲਾਇਨ, ਪ੍ਰਾਥਮਿਕ ਚਿਕਿਤਸਾ, ਮੀਡੀਆ, ਰਜਿਸਟਰੇਸ਼ਨ ਅਤੇ ਫੋਟੋਗਰਾਫੀ ਆਦਿ ਨਾਲ ਸੰਬਧਿਤ ਵਿਸ਼ਿਆਂ ਤੇ ਚਰਚਾ ਹੋਈ। ਸੰਗਤ ਨੂੰ ਬੇਨਤੀ ਕੀਤੀ ਗਈ ਕਿ ਜਿਸ ਵੀ ਪਰਿਵਾਰ ਕੋਲ ਕੋਈ ਵਾਧੂ ਕਮਰਾ ਜਾਂ ਕਾਰ ਹੈ ਤਾਂ ਉਹ ਸੰਮੇਲਨ ਦੀ ਸੇਵਾ ਲਈ ਉਪਲਬਧ ਕਰਵਾ ਕੇ ਸੰਮੇਲਨ ਵਿਚ ਹਿੱਸਾ ਪਾਵੇ।

16 ਦਿਸੰਬਰ ਨੂੰ ਅਗਲੀ ਮੀਟਿੰਗ ਵਿਚ ਪੂਰੇ ਸੰਮੇਲਨ ਦੀ ਰੂਪਰੇਖਾ ਤਿਆਰ ਕਰ ਲਈ ਗਈ ਅਤੇ ਹਰ ਸੇਵਾ ਲਈ ਸੰਬੰਧਿਤ ਟੀਮ ਲੀਡਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਗਿਆ। ਟੀਮ ਲੀਡਰਾਂ ਦੇ ਨਾਮ ਇਸ ਪ੍ਰਕਾਰ ਹਨ, ਖੁਸ਼ਵਿੰਦਰ ਸਿੰਘ, ਜੀਵਨਜੋਤ ਸਿੰਘ ਅਤੇ ਚਰਨਜੀਤ ਸਿੰਘ ਚੰਨੀ (ਡੇਰਾ), ਇੰਦਰਜੀਤ ਸਿੰਘ, ਹਰਪਾਲ ਸਿੰਘ ਅਤੇ ਸ਼ਮਸ਼ੇਰ ਸਿੰਘ (ਪਾਰਕਿੰਗ ), ਪਰਮਜਯੋਤ ਸਿੰਘ, ਜੈਪਾਲ ਸਿੰਘ ਅਤੇ ਨਰਿੰਦਰਜੀਤ ਸਿੰਘ (ਟਰਾਂਸਪੋਰਟ), ਕਰਨੈਲ ਸਿੰਘ, ਜੋਗਿੰਦਰ ਸਿੰਘ ਬਿੱਟੂ ਅਤੇ ਨਰਿੰਦਰ ਸਿੰਘ ਖੋਖਰ (ਹੈਲਪਲਾਇਨ), ਹਰਵਿੰਦਰ ਸਿੰਘ ਵਿੱਕੀ (ਸਿਕਿਉਰਿਟੀ), ਰਵੀਜੋਤ ਕੌਰ ਅਤੇ ਸ਼ਮਸ਼ੇਰ ਸਿੰਘ (ਰਜਿਸਟਰੇਸ਼ਨ)।

ਲੜਕੀਆਂ ਦੇ ਡੇਰੇ ਦਾ ਇੰਤਜ਼ਾਮ ਸ਼ਹੀਦ ਬਿਸ਼ਨ ਸਿੰਘ ਸਕੂਲ ਵਿਚ ਕੀਤਾ ਗਿਆ, ਜਥੇਦਾਰ ਨਿਸ਼ਾਨ ਸਿੰਘ ਅਤੇ ਉਹਨਾਂ ਦੀ ਟੀਮ ਨੇ ਇਸਦੇ ਪ੍ਰਬੰਧ ਦੀ ਜੁੰਮੇਵਾਰੀ ਸਾਂਭੀ। ਨੌਜਵਾਨਾਂ ਦੇ ਡੇਰੇ ਦਾ ਇੰਤਜਾਮ ਗੁਰੂ ਨਾਨਕ ਪਬਲਿਕ ਸਕੂਲ, ਹਰੀ ਨਗਰ ਵਿਖੇ ਕੀਤਾ ਗਿਆ, ਜਿਸਦੇ ਪ੍ਰਬੰਧ ਦੀ ਜੁੰਮੇਵਾਰੀ ਜੀਵਨਜੋਤ ਸਿੰਘ ਅਤੇ ਉਹਨਾਂ ਦੀ ਟੀਮ

ਨੇ ਸਾਂਭੀ।

27 ਦਿਸੰਬਰ ਦੁਪਹਿਰ ਤੋਂ ਸੰਗਤ ਅਤੇ ਜਥੇ ਵਹੀਰਾਂ ਘੱਤ ਕੇ ਪੁੱਜਣ ਲੱਗੇ। ਹਰ ਜਥਾ ਢੋਲਕੀ, ਛੈਣੇ ਨਾਲ ਦੀਵਾਨ ਲਗਾਉਂਦਾ ਪੁੱਜ ਰਿਹਾ ਸੀ ਅਤੇ ਅਗੋਂ ਦਿੱਲੀ ਦੀ ਸੰਗਤ ਹਰ ਜਥੇ ਨੂੰ ਗੁਲਾਬ ਦੇ ਫੁਲ ਭੇਂਟ ਕਰਕੇ ਅਤੇ ਗਲਵਕੜੀ ਪਾ ਉਹਨਾਂ ਦਾ ਨਿੱਘਾ ਸਵਾਗਤ ਕਰ ਰਹੀ ਸੀ। ਇਹ ਅਨੁਪਮ ਦ੍ਰਿਸ਼ ਦੇਖਣ ਜੋਗ ਸੀ। ਰਾਤ ਪੈਣ ਤੇ ਲਗਭਗ ਸਾਰੀ ਸੰਗਤ ਪੁੱਜ ਹੀ ਗਈ ਸੀ, ਰੌਣਕ ਸੰਮੇਲਨ ਦੀ ਥਾਂ ਮੇਲੇ ਵਰਗੀ ਜਾਪਦੀ ਸੀ ਜਿਸ ਨਾਲ ਦਿੱਲੀ ਦੀ ਸਾਧ ਸੰਗਤ ਬਹੁਤ ਖੁਸ਼ ਸੀ। ਸਭ ਪ੍ਰਬੰਧਕਾਂ ਨੇ ਆਪਣੇ ਸੇਵਾ ਦੇ ਮੋਰਚੇ ਸਾਂਭ ਲਏ।

ਸਰਦੀ ਕਾਫੀ ਜ਼ਿਆਦਾ ਸੀ, ਸਾਧ ਸੰਗਤ ਗਰਮਾ ਗਰਮ ਗੁਰੂ ਕਾ ਲੰਗਰ ਅਤੇ ਚਾਹਟਾ ਛਕ ਆਪਣੇ ਡੇਰਿਆਂ ਵੱਲ ਤੁਰ ਪਈ।

28 ਦਿਸੰਬਰ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਮਹਿਲ ਮਾਤਾ ਗੁਰਸ਼ਰਨ ਕੌਰ ਸਹਿਤ ਆਸਾ ਦੀ ਵਾਰ ਵਿਚ ਦਰਸ਼ਨ ਦਿੱਤੇ। ਪੂਰੇ ਸਟੇਜ ਨੂੰ ਰੰਗ ਬਰੰਗੇ ਫੁੱਲਾਂ ਨਾਲ ਸਜਾਇਆ ਹੋਇਆ ਸੀ। ਖਾਸ ਤੌਰ ਤੇ ਪਾਤਸ਼ਾਹ ਜੀ ਦੀ ਪਾਲਕੀ ਲਾਲ, ਗੁਲਾਬੀ ਅਤੇ ਪੀਲੇ ਰੰਗ ਦੇ ਗੁਲਾਬ ਦੇ ਫੁੱਲਾਂ ਨਾਲ ਸਜਾਈ ਹੋਈ ਸੀ। ਆਸਣ ਤੇ ਸੁਭਾਇਮਾਨ ਸ੍ਰੀ ਸਤਿਗੁਰੂ ਜੀ ਦੀ ਸ਼ਾਨ, ਮੁਖ ਮੰਡਲ ਦਾ ਤੇਜ, ਆਭਾ ਅਤੇ ਖੂਬਸੂਰਤੀ ਦਾ ਆਲਮ ਤਾਂ ਦੇਖਦੇ ਹੀ ਬਣਦਾ ਸੀ, ਸਹਿਜੇ ਹੀ ਮੇਰੇ ਮੂੰਹ ਵਿਚੋਂ ਨਿਕਲ ਗਿਆ ਵਾਹ! ਵਾਹ!...ਕਿਆ ਖੂਬ..! ਇਹ ਅਲੌਕਿਕ ਨਜ਼ਾਰਾ ਕਿਸੀ ਕਲਮੀ ਬਿਆਨ ਤੋਂ ਪਰ੍ਹੇ ਸੀ। ਪੰਡਾਲ ਵਿਚ ਸਫੈਦ ਬਸਤਰ ਪਹਿਰੇ, ਹਾਜ਼ਰੀ ਭਰਦੀਆਂ ਸੰਗਤਾਂ, ਦੁੱਧ ਚਿੱਟੇ ਹੰਸਾਂ ਦੀਆਂ ਡਾਰਾਂ ਵਾਂਗ ਜਾਪਦੀਆਂ ਸੀ।

ਅੱਜ ਪਵਿੱਤਰ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਾਜਨ ਸਿੰਘ, ਰਾਗੀ ਬਸੰਤ ਸਿੰਘ, ਗੁਰਚਰਨ ਸਿੰਘ ਚੰਨੀ ਅਤੇ ਸਾਥੀਆਂ ਦੁਆਰਾ ਕੀਤਾ ਗਇਆ। ਆਸਾ ਦੀ ਵਾਰ ਦੇ ਭੋਗ ਉਪਰੰਤ ਗਰੀਬ ਨਿਵਾਜ਼ ਜੀ ਨੇ ਆਪਣੇ ਪਵਿਤੱਰ ਹਸਤ ਕਮਲਾਂ ਦੁਆਰਾ 2018 ਦੇ ਵਿੱਦਿਅਕ ਸੰਮੇਲਨ ਦੇ ਲੋਗੋ ਤੋਂ ਪਰਦਾ ਹਟਾ ਕੇ ਸੰਮੇਲਨ ਦਾ ਸ਼ੁਭਾਰੰਭ ਕੀਤਾ।

ਉਦਘਾਟਨ ਉਪਰੰਤ ਨਾਮਧਾਰੀ ਵਿੱਦਿਅਕ ਜਥੇ ਦੀ ਕੇਂਦਰੀ ਕਮੇਟੀ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਅਤੇ ਨਾਮਧਾਰੀ ਇਸਤਰੀ ਵਿੱਦਿਅਕ ਜਥੇ ਦੀ ਕੇਂਦਰੀ ਕਮੇਟੀ ਵਲੋਂ ਮਾਤਾ ਜੀ ਨੂੰ ਮੋਮੈਂਟੋ ਭੇਂਟ ਕੀਤੇ ਗਏ। ਫਿਰ ਦਿੱਲੀ ਦੇ ਲੜਕੇ-ਲੜਕੀਆਂ ਨੇ " ਗੁਰੂ ਜਗਜੀਤ ਦੇ ਸੁਪਨੇ ਸਭ ਸਾਕਾਰ ਕਰਾਂਗੇ......ਹਰ ਹਿਰਦੇ ਨੂੰ ਪਿਆਰ ਸੁਗੰਧੀ ਨਾਲ ਭਰਾਂਗੇ" ਗੀਤ ਤੇ ਮੰਚਨ ਕੀਤਾ। ਇਸ ਮੰਚਨ ਰਾਹੀਂ ਇਹਨਾਂ ਬੱਚਿਆਂ ਨੇ ਚਾਰ ਮੁੱਖ ਸੰਦੇਸ਼ ਦਿੱਤੇ। ਇਹਨਾਂ ਸੰਦੇਸ਼ਾਂ ਨੂੰ ਹੀ ਆਪਣਾ ਵਿਸ਼ਾ ਰੱਖਦੇ ਹੋਏ ਵਿੱਦਿਅਕ ਜਥੇ ਦੀ ਕੇਂਦਰੀ ਟੀਮ ਦੇ ਅਹੁਦੇਦਾਰਾਂ, ਬੀਬੀ ਸੁੰਦਰਜੀਤ ਕੌਰ ਨੇ ਸਾਦੇ ਵਿਆਹ ਅਤੇ ਦਾਜ ਦੇ ਵਿਰੁੱਧ, ਗੁਰਮੀਤ ਸਿੰਘ ਚਾਨਾ ਨੇ ਨਸ਼ੇ ਦੇ ਵਿਰੁੱਧ, ਬੀਬੀ ਲਖਵਿੰਦਰ ਕੌਰ ਨੇ ਬੀਬੀਆਂ ਦੀ ਪੜਾਈ-ਲਿਖਾਈ ਅਤੇ ਉੱਚ ਚਰਿਤ੍ਰ ਨਿਰਮਾਣ, ਸੁਖਵਿੰਦਰ ਸਿੰਘ ਲਾਇਲ ਨੇ ਮਾਂ ਬੋਲੀ ਪੰਜਾਬੀ ਅਤੇ ਗੁਰਬਾਣੀ ਬਾਰੇ ਅਪਣੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ।

ਇਹਨਾਂ ਤਕਰੀਰਾਂ ਮਗਰੋਂ ਲਿਖਤੀ ਇਤਿਹਾਸਕ ਪ੍ਰਤੀਯੋਗ ਤਾ ਹੋਈ, ਜਿਸ ਵਿਚ 135 ਸਿੱਖਿਆਰਥੀਆਂ ਨੇ ਭਾਗ ਲਿਆ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਵਲੋਂ ਸ਼ਾਮ ਤੱਕ ਸਾਰੇ ਮੁਕਾਬਲੇ ਮੁਲਤਵੀ ਕਰ ਨੌਜਵਾਨਾਂ ਨੂੰ ਵੱਧ-ਚੜ ਕੇ ਵਿਗਿਆਨ ਭਵਨ ਵਿਖੇ ਅੰਤਰ-ਰਾਸ਼ਟਰੀ ਸੈਮੀਨਾਰ ਵਿਚ ਹਾਜ਼ਰੀ ਭਰਨ ਦਾ ਹੁਕਮ ਹੋਇਆ। ਸ਼ਾਮ ਨੂੰ ਸੀਨੀਅਰ ਅਤੇ ਜੂਨੀਅਰ ਟੀਮਾਂ ਦੀ ਸੰਗੀਤ ਪ੍ਰਤੀਯੋਗਤਾ ਵਿਚ ਤੰਤੀ ਸਾਜ਼, ਤਬਲਾ ਅਤੇ ਢੋਲਕੀ ਵਾਦਨ ਦੇ ਮੁਕਾਬਲੇ ਹੋਏ।

29 ਤਾਰੀਖ ਨੂੰ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਗਾਇਨ ਬੀਬੀ ਹਰਮੀਤ ਕੌਰ, ਬੀਬੀ ਅਸਤਿੰਦਰ ਕੌਰ ਅਤੇ ਬੀਬੀ ਨਵਰੀਤ ਕੌਰ ਦੇ ਜਥੇ ਨੇ ਵਾਰੇ ਦੇ ਰੂਪ ਵਿਚ ਕੀਤਾ। ਇਸਦੇ ਉਪਰੰਤ ਗੁਰਲਾਲ ਸਿੰਘ (ਸ੍ਰੀ ਭੈਣੀ ਸਾਹਿਬ) ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਧੇ ਘੰਟੇ ਲਈ ਆਪਣੇ ਵਿਚਾਰ ਰੱਖੇ। ਫਿਰ ਬੀਬੀ ਸਤਨਾਮ ਕੌਰ (ਦਿੱਲੀ) ਨੇ ਪਰੈਜ਼ਨਟੇਸ਼ਨ ਪੇਸ਼ ਕਰ ਸਹੀ ਖਾਣ-ਪਾਨ ਬਾਰੇ ਜਾਣਕਾਰੀ ਦੇਣ ਬਾਅਦ ਸਵੇਰ ਦੇ ਪ੍ਰੋਗਰਾਮ ਦੀ ਸਮਾਪਤੀ ਹੋਈ। ਸਭ ਸਿਖਿਆਰਥੀ ਲੰਗਰ ਛਕ ਅਰਾਮ ਕਰਨ ਲਗੇ। ਸਵੇਰੇ 10 ਵਜੇ ਅਗਲਾ ਸੈਸ਼ਨ ਸ਼ੁਰੂ ਹੋਇਆ।

ਇਸ ਸੈਸ਼ਨ ਵਿਚ ਸੰਗੀਤ ਗਾਇਨ, ਦੀਵਾਨ, ਦਸਤਾਰ ਸਜਾਉਣੀ, ਸੁੰਦਰ ਲਿਖਾਈ ਅਤੇ ਪੇਂਟਿੰਗ ਦੇ ਮੁਕਾਬਲੇ ਹੋਏ। ਦੁਪਹਿਰ 2 ਤੋਂ 3 ਵਜੇ ਤੱਕ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ ਅਤੇ ਭੋਗ ਉਪਰੰਤ ਰਾਤ 8 ਵਜੇ ਤੱਕ ਕੁਕਿੰਗ, ਕਛਹਿਰੇ ਦੀ ਕਟਾਈ ਅਤੇ ਫੋਟੋਗਰਾਫੀ ਦੀਆਂ ਪ੍ਰਤੀਯੋਗਤਾਂਵਾਂ ਹੋਈਆਂ। ਇਸੇ ਸਮੇਂ ਅੰਦਰ ਮਾਤਾ ਜੀ ਨਾਲ ਵਿਚਾਰ ਗੋਸ਼ਟੀ ਵੀ ਆਯੋਜਿਤ ਕੀਤੀ ਗਈ ਜਿਸ ਵਿਚ ਬੀਬੀਆਂ ਨੇ ਮਾਤਾ ਜੀ ਨਾਲ ਸਿੱਧਾ

ਸੰਵਾਦ ਕੀਤਾ।

30 ਦਿਸੰਬਰ ਨੂੰ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਰਾਗੀ ਸਾਜਨ ਸਿੰਘ, ਰਾਗੀ ਬਸੰਤ ਸਿੰਘ ਦੇ ਜਥੇ ਨੇ ਕੀਤਾ। ਵਾਰ ਦੇ ਭੋਗ ਉਪਰੰਤ ਕਥਾਕਾਰ ਸੰਤ ਨਿਸ਼ਾਨ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਪਣੇ ਵਿਚਾਰ ਭੇਟ ਕੀਤੇ। ਇਹਨਾਂ ਮਗਰੋਂ ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਸਪੋਰਟਸ ਟੀਚਰ ਸ: ਗੁਰਪ੍ਰੀਤ ਸਿੰਘ ਨੇ ਸਿਹਤਯਾਬੀ ਦੇ ਵਿਸ਼ੇ ਤੇ ਇੱਕ ਪਰੈਜਟੇਸ਼ਨ ਪੇਸ਼ ਕੀਤੀ। ਫਿਰ, ਸੀਨੀਅਰ, ਜੂਨੀਅਰ ਅਤੇ ਵਿਸ਼ੇਸ਼ ਵਰਗ ਦੀ ਭਾਸ਼ਨ ਪ੍ਰਤੀਯੋਗਤਾ ਹੋਈ ਜਿਸਦੇ ਵਿਸ਼ੇ ਮੌਕੇ ਤੇ ਹੀ ਦਿੱਤੇ ਗਏ। ਤਿਨੋਂ ਵਰਗਾਂ ਦੇ ਸ਼ੁਧ ਗੁਰਬਾਣੀ ਦੇ ਮੁਕਾਬਲੇ ਅਤੇ ਪਾਵਰ ਪੁਆਇੰਟ ਪਰੈਜਟੇਸ਼ਨ ਨਾਲ ਸਵੇਰ ਦਾ ਸੈਸ਼ਨ ਪੂਰਨ ਹੋਇਆ।

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 1 ਤੋਂ 2 ਵਜੇ ਦੁਪਹਿਰ ਦਾ ਨਾਮ ਸਿਮਰਨ ਹੋਇਆ ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਵਿੱਚੋਂ ਨੌਵੇਂ ਮੱਹਲੇ ਦੇ ਸਲੋਕ ਪੜ ਲੇਖਕ ਤਾਰਾ ਸਿੰਘ ਅਨਜਾਣ ਸਮੇਤ ਕਈ ਸਰੀਰਾਂ ਦੇ ਨਮਿੱਤ ਵਰ੍ਹੀਣੇ ਦੇ ਭੋਗ ਪਾਏ ਗਏ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਵੀ ਪਾਏ ਗਏ। ਦਿੱਲੀ ਦੇ ਨੌਜਵਾਨ ਗੰਗਾ ਸਿੰਘ ਤੇ ਗੁਰਨਾਮ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਵਿਸ਼ੇਸ਼ ਵਰਗ ਅਤੇ ਪਾਵਰ ਪੁਆਇੰਟ ਪਰੈਜਟੇਸ਼ਨ ਦੇ ਅਧੂਰੇ ਮੁਕਾਬਲੇ ਪੂਰੇ ਕਰ 4 ਵਜੇ ਇਹ ਸੈਸ਼ਨ ਖ਼ਤਮ ਹੋਇਆ।

ਸ਼ਾਮ ਨੂੰ 6 ਵਜੇ ਸਤਿਗੁਰੂ ਜੀ ਦੀ ਆਮਦ ਨਾਲ ਸੈਸ਼ਨ ਫਿਰ ਸ਼ੁਰੂ ਹੋਇਆ। ਇਸ ਸੈਸ਼ਨ ਵਿਚ ਸ੍ਰੀ ਸਤਿਗੁਰੂ ਜੀ ਨਾਲ ਲੜਕੇ-ਲੜਕੀਆਂ ਦੀ ਵਿਚਾਰ ਗੋਸ਼ਟੀ ਹੋਈ। ਇਸ ਗੋਸ਼ਟੀ ਵਿਚ ਬੱਚਿਆਂ ਨੇ ਪਾਤਸ਼ਾਹ ਜੀ ਨਾਲ ਸਿੱਧਾ ਸੰਵਾਦ ਕਾਇਮ ਕਰਦਿਆਂ ਸਤਿਗੁਰੂ ਜੀ ਪਾਸੋਂ ਆਪਣੇ ਸਵਾਲਾਂ ਦਾ ਜਵਾਬ ਲੈ ਆਪਣੀ ਜਿਗਿਆਸਾ ਸ਼ਾਂਤ ਕੀਤੀ। ਗੋਸ਼ਟੀ ਦਾ ਮਾਹੌਲ ਪ੍ਰਸ਼ਨਾਂ ਦੇ ਵਿਸ਼ਿਆਂ ਅਨੁਸਾਰ ਭਾਵਨਾਤਮਕ, ਗੰਭੀਰ, ਅਤੇ ਮਜ਼ਾਕੀਆ ਹੁੰਦਾ ਰਿਹਾ। ਜਿਥੇ ਸ੍ਰੀ ਹਜ਼ੂਰ ਦੇ ਖੁਸ਼ਰੂਹ ਅਤੇ ਮਜ਼ਾਕੀਆ ਅੰਦਾਜ਼ ਦਾ ਸੰਗਤ ਨੇ ਅਨੰਦ ਮਾਣਿਆ ਉੱਥੇ ਹੀ ਸੰਗਤ ਨੇ ਸਤਿਗੁਰੂ ਜੀ ਵਲੋਂ ਭਾਵਨਾਤਮਕ ਅਤੇ ਗੰਭੀਰ ਪ੍ਰਸ਼ਨਾਂ ਦੇ ਜਵਾਬਾਂ ਨੂੰ ਉਪਦੇਸ਼ਾਂ ਵਾਂਗ ਸਿਰ ਮੱਥੇ ਲਾਇਆ।

ਇੱਥੇ ਇਹ ਵਰਨਣ ਯੋਗ ਹੈ ਕਿ ਵਿੱਦਿਅਕ ਸੰਮੇਲਨ ਵਿਚ ਪਹਿਲੀ ਵਾਰ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨਾਲ ਗੋਸ਼ਟੀ ਆਯੋਜਿਤ ਕੀਤੀ ਗਈ, ਇਸ ਨਵੇਕਲੀ ਸ਼ੁਰੂਆਤ ਨੂੰ ਸੰਗਤ ਨੇ ਬਹੁਤ ਪਸੰਦ ਕੀਤਾ।

ਗੋਸ਼ਟੀ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਦਆਰਾ ਜੇਤੂਆਂ ਨੂੰ ਇਨਾਮ ਦੇ ਕੇ ਨਿਵਾਜ਼ਣ ਨਾਲ ਹੀ ਇਸ ਸਾਲ ਦਾ ਇਹ ਵਾਰਸ਼ਿਕ ਵਿੱਦਿਅਕ ਸੰਮੇਲਨ ਸਮਾਪਤ ਹੋਇਆ।

ਨਾਮਧਾਰੀ ਸੰਗਤ ਦਿੱਲੀ, ਨਾਮਧਾਰੀ ਵਿੱਦਿਅਕ ਜਥਾ ਦਿੱਲੀ, ਨਾਮਧਾਰੀ ਇਸਤਰੀ ਵਿੱਦਿਅਕ ਜਥਾ ਦਿੱਲੀ, ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦੀ ਕੇਂਦਰੀ ਸਮਿਤੀ ਅਤੇ ਸਭ ਸੇਵਾਦਾਰ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੀ ਅਣਥੱਕ ਮਿਹਨਤ ਅਤੇ ਸੇਵਾ ਭਾਵ ਨਾਲ ਕੜਕਦੀ ਠੰਢ ਵਿਚ ਇਹ ਯਾਦਗਾਰੀ ਸੰਮੇਲਨ ਨਿਰਵਿਘਨਤਾ ਨਾਲ ਸੰਪੰਨ ਹੋਇਆ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਆਪਾਰ ਕਿਰਪਾ ਦੁਆਰਾ 2018 ਦੇ ਵਾਰਸ਼ਿਕ ਵਿੱਦਿਅਕ ਸੰਮੇਲਨ ਦਾ ਆਯੋਜਨ ਬੇਹੱਦ ਸਫਲ ਰਿਹਾ, ਇਸ ਬੇਮਿਸਾਲ, ਵਿਸ਼ਾਲ ਅਤੇ ਤਰੁੱਟੀਹੀਣ ਸੰਮੇਲਨ ਦਾ ਪ੍ਰਬੰਧ ਲਾਜਵਾਬ ਸੀ। ਅਨੁਸ਼ਾਸਨ, ਸੇਵਾ-ਸਮਰਪਣ, ਅਧਿਆਤਮਕ, ਟੀਮ ਭਾਵਨਾ ਅਤੇ ਪ੍ਰਬੰਧਨ ਦੇ ਪੱਖੋਂ ਇਸ ਸੰਮੇਲਨ ਨੇ ਇੱਕ ਮੀਲ ਪੱਥਰ ਗੱਡਿਆ ਹੈ, ਜਿਸ ਨਾਲ ਉਮੀਦ ਹੈ ਕੀ ਭਵਿੱਖ ਵਿਚ ਆਉਣ ਵਾਲੇ ਸੰਮੇਲਨਾਂ ਲਈ ਇਹ ਸੰਮੇਲਨ ਪ੍ਰੇਰਕ ਅਤੇ ਮਾਰਗ ਦਰਸ਼ਕ ਸਾਬਿਤ ਹੋਵੇਗਾ ਅਤੇ ਉਹਨਾਂ ਸੰਮੇਲਨਾਂ ਅਤੇ ਸਮਾਗਮਾਂ ਦਾ ਪੱਧਰ ਹੋਰ ਵੀ ਵਿਸ਼ਾਲ ਅਤੇ ਅੰਤਰ-ਰਾਸ਼ਟਰੀ ਹੋਵੇਗਾ।

**-ਲਖਵਿੰਦਰ ਸਿੰਘ (ਦਿੱਲੀ)**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਬੁੱਢੇ ਦਰਿਆ (ਨਾਲੇ) ਦੀ ਚੱਲ ਰਹੀ ਕਾਰਜਗੁਜਾਰੀ ਦਾ ਸ੍ਰੀ ਸਤਿਗੁਰੂ ਜੀ ਨੇ ਜਾਇਜਾ ਲਇਆ

ਲੁਧਿਆਣਾ, **12 ਜਨਵਰੀ** -ਨਾਮਧਾਰੀ ਸੰਪਰਦਾਇ ਦੇ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ 23 ਦਸੰਬਰ ਤੋਂ ਬੁੱਢੇ ਦਰਿਆ ਦੀ ਸਫਾਈ ਮੁਹਿੰਮ ਆਰੰਭ ਹੋਈ ਸੀ। ਪੰਜਾਬ ਸਰਕਾਰ ਵੱਲੋਂ ਬਣਾਈ ਗਈ ਟਾਸਕ ਫੋਰਸ ਕਮੇਟੀ ਦੇ ਸਤਿਗੁਰੂ ਜੀ ਸਰਪ੍ਰਸਤ ਹਨ । ਸੈਂਕੜੇ ਨਾਮਧਾਰੀ ਉਸ ਦਿਨ ਤੋਂ ਲਗਾਤਾਰ ਸਵਾਈ ਕਰ ਰਹੇ ਹਨ। ਸ੍ਰੀ ਭੈਣੀ ਸਾਹਿਬ ਦਰਬਾਰ ਤੋਂ ਇਕ ਪੋਕ ਲਾਈਨਰ ਮਸ਼ੀਨ, ਜੇ.ਸੀ.ਬੀ ਮਸ਼ੀਨ, ਟਿੱਪਰ ਤੇ ਟਰੈਕਟਰ-ਟਰਾਲੀਆਂ ਰੋਜ਼ਾਨਾ ਗੰਦਗੀ ਚੁੱਕ ਰਹੀਆਂ ਹਨ। ਕਾਰਪੋਰੇਸ਼ਨ ਵੱਲੋਂ ਵੀ 7-8 ਟਿੱਪਰ ਦਿੱਤੇ ਗਏ ਹਨ। ਸਫਾਈ ਕਰਨ ਵਾਲੇ ਸੇਵਾਦਾਰਾਂ ਲਈ ਰੋਜ਼ਾਨਾ ਲੰਗਰ ਸੀ ਭੈਣੀ ਸਾਹਿਬ ਤੋਂ ਆ ਰਿਹਾ ਹੈ ਤਕਰੀਬਨ ਇਕ ਕਿਲੋਮੀਟਰ ਦਾ ਏਰੀਆ ਸਾਫ ਕਰ ਦਿੱਤਾ ਗਿਆ ਹੈ ਪਰ ਕੁਝ ਲੋਕਾਂ ਵੱਲੋਂ ਸਫਾਈ ਵਿਚ ਸਾਥ ਦੇਣ ਦੀ ਬਜਾਏ ਸਾਫ ਕੀਤੇ ਏਰੀਏ ਵਿਚ ਦੁਬਾਰਾ ਗੰਦਗੀ ਸੁੱਟੀ ਜਾ ਰਹੀ ਹੈ। ਜਿੱਥੇ ਕਈ ਡੇਅਰੀ ਵਾਲੇ ਇਸ ਵਿਚ ਗੋਬਰ ਸੁੱਟ ਰਹੇ ਹਨ। ਕਈ ਫੈਕਟਰੀਆਂ ਨੇ ਡਾਇਰੈਕਟ ਸੀਵਰੇਜ ਪਾਏ ਹੋਏ ਹਨ ਜਿਸ ਕਾਰਨ ਸਫਾਈ ਕਰਨ ਦੇ ਵਿਚ ਕਾਫੀ ਮੁਸ਼ਕਲਾਂ ਆ ਰਹੀਆਂ ਹਨ।

ਅੱਜ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਸਫਾਈ ਮੁਹਿੰਮ ਦਾ ਜਾਇਜ਼ਾ ਲੈਣ ਲਈ ਸ਼ਾਮ 4 ਵਜੇ ਪੁੱਜੇ। ਤਕਰੀਬਨ ਇਕ ਘੰਟਾ ਉੱਥੇ ਰਹੇ ।ਸਟੇਰਿੰਗ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਨਾਮਧਾਰੀ, ਗਿਆਨੀ ਜੁਗਿੰਦਰ ਸਿੰਘ, ਜੇ. ਪੀ. ਸਿੰਘ, ਨਿਰਮਲ ਭੱਟੀ ਤੇ ਸੋਹਣ ਸਿੰਘ ਨੇ ਆ ਰਹੀਆਂ ਮੁਸ਼ਕਲਾਂ ਬਾਰੇ ਸਤਿਗੁਰੂ ਜੀ ਨੂੰ ਦੱਸਿਆ। ਸਤਿਗੁਰੂ ਉਦੇ ਸਿੰਘ ਜੀ ਨੇ ਜਿੱਥੇ ਆਮ ਪਬਲਿਕ ਨੂੰ ਚੱਲ ਰਹੀ ਇਸ ਸੇਵਾ ਵਿਚ ਭਾਗ ਲੈਣ ਲਈ ਕਿਹਾ ਉਥੇ ਡੇਅਰੀ ਵਾਲਿਆਂ ਨੂੰ ਦਰਿਆ ਵਿਚ ਗੋਬਰ ਨਾ ਸੁੱਟਣ ਦੀ ਅਪੀਲ ਵੀ ਕੀਤੀ। ਤਰਨ ਸਿੰਘ , ਬੇਅੰਤ ਸਿੰਘ, ਯੂਥ ਪ੍ਰਧਾਨ ਸੰਤੋਖ ਲਾਡੀ ਤੇ ਪ੍ਰੈਸ ਸਕੱਤਰ ਲਖਵੀਰ ਬੱਦੋਵਾਲ ਨੇ ਦੱਸਿਆ ਕਿ ਮੇਅਰ ਬਲਕਾਰ ਸਿੰਘ ਸਿੱਧੂ ਤੇ ਨਿਗਰਾਨ ਅਫਸਰ ਰਜਿੰਦਰ ਸਿੰਘ ਵੋਹਰਾ ਵੱਲੋਂ ਕਾਫੀ ਸਹਿਯੋਗ ਮਿਲ ਰਿਹਾ ਹੈ। ਸਤਿਗੁਰੂ ਜੀ ਦੀ ਅਗਵਾਈ ਵਿਚ ਅਫਸਰ ਸਾਹਿਬਾਨਾਂ ਦੀ ਵਿਸ਼ੇਸ਼ ਮੀਟਿੰਗ ਸੋਮਵਾਰ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਵੇਗੀ।

**ਬੁੱਢੇ ਦਰਿਆ 'ਤੇ ਲੱਗੇਗਾ ਆਣ ਮਿਲੋ ਦਰੀਆਓ ਦੇ ਹੋਕੇ ਹੇਠ ਮੇਲਾ, ਦਰਿਆ ਦੀ ਪੁਨਰ ਸੁਰਜੀਤੀ ਲਈ ਕੀਤਾ ਜਾਵੇਗਾ ਜਾਗੂਰਕ, ਬੁੱਧੀਜੀਵੀ ਤੇ ਕਵੀ ਬਣਨਗੇ ਮੁਹਿੰਮ ਦਾ ਹਿੱਸਾ**- ਬੁੱਢੇ ਨਾਲੇ ਨੂੰ ਸਾਫ ਕਰਨ ਲਈ ਹੁਣ ਬੁੱਧੀਜੀਵੀ 'ਆਣ ਮਿਲੋ ਦਰੀਆਓ' ਦੇ ਹੋਕੇ ਨਾਲ 27 ਜਨਵਰੀ ਨੂੰ ਬੁੱਢੇ ਦਰਿਆ 'ਤੇ  ਲੋਕਾਂ ਦਾ ਮੇਲਾ ਲਗਾਉਣਗੇ। ਇਸ ਲਈ ਜੰਗੀ ਪੱਧਰ ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬੁੱਢੇ ਨਾਲੇ ਦੀ ਸਫ਼ਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਟਾਸਕ ਫੋਰਸ ਦੇ ਮੈਂਬਰ ਜਸਵੰਤ ਸਿੰਘ ਜਫ਼ਰ ਨੇ ਦੱਸਿਆ ਕਿ 'ਆਣ ਮਿਲੋ ਦਰੀਆਓ' ਦੇ ਹੋਕੇ ਹੇਠ ਬੁੱਢੇ ਦਰਿਆ ਦੀ ਦੁਬਾਰਾ ਸੁਰਜੀਤੀ ਲਈ ਯਤਨ ਕੀਤੇ ਜਾਣਗੇ। ਜਿਸ ਲਈ ਖਾਕਾ ਤਿਆਰ ਕਰ ਲਿਆ ਗਿਆ ਹੈ।

ਉਨ੍ਹਾਂ ਦੱਸਿਆ 27 ਜਨਵਰੀ ਨੂੰ ਸਵੇਰੇ ਤਾਜਪੁਰ ਸੜਕ 'ਤੇ ਇੱਕ ਲੱਖ ਦੇ ਕਰੀਬ ਲੋਕਾਂ ਦਾ ਇਕੱਠ ਹੋਵੇਗਾ ਜੋ ਆਪੋ ਆਪਣੇ ਤਰੀਕੇ ਨਾਲ ਬੁੱਢੇ ਦਰਿਆ ਨੂੰ ਸਾਫ਼ ਕਰਨ ਲਈ ਸੁਨੇਹਾ ਦੇਣਗੇ। ਇਸ ਮੇਲੇ ਵਿੱਚ ਬੁੱਧੀਜੀਵੀ, ਕਵੀ, ਲੇਖਕ, ਗਾਇਕ, ਨਾਟਕਕਾਰ, ਸਕੂਲੀ ਬੱਚੇ, ਨੌਜਵਾਨ ਤੇ ਸਿਆਸੀ ਲੋਕਾਂ ਸਣੇ ਪ੍ਰਸ਼ਾਸਨਿਕ ਅਧਿਕਾਰੀ ਵੀ ਹਿੱਸਾ ਲੈਣਗੇ। ਇਸ ਵਿਲੱਖਣ ਮੇਲੇ ਦੀ ਸ਼ੁਰੂਆਤ ਸਵੇਰੇ 8 ਵਜੇ ਉੱਘੇ ਵਾਇਲਨ ਵਾਦਕ ਉਸਤਾਦ ਜੌਹਰ ਅਲੀ ਖਾਨ ਆਪਣੇ ਵਾਇਲਨ ਦੀ ਤਾਨ ਛੇੜ ਕੇ ਕਰਨਗੇ। ਮੇਲੇ ਦੀਆਂ ਤਿਆਰੀਆਂ ਸਬੰਧੀ ਜਸਵੰਤ ਸਿੰਘ ਜਫ਼ਰ ਨੇ ਦੱਸਿਆ ਕਿ ਬੁੱਢੇ ਦਰਿਆ ਦੀ ਪੁਨਰ ਸੁਰਜੀਤੀ ਲਈ ਵਾਤਾਵਰਨ ਪ੍ਰੇਮੀ ਤਾਜਪੁਰ ਰੋਡ 'ਤੇ ਇਕੱਠੇ ਹੋਣਗੇ। ਉਨ੍ਹਾਂ ਦੱਸਿਆ ਕਿ ਬੁੱਢੇ ਦਰਿਆ 'ਤੇ ਨਾਟਕ, ਲਘੂ ਨਾਟਕ, ਫਿਲਮਾਂ, ਫੋਟੋ ਪ੍ਰਦਰਸ਼ਨੀ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਪੰਜਾਬ ਦੇ ਕਈ ਉੱਘੇ ਗਾਇਕ ਵੀ ਹਿੱਸਾ ਲੈਣਗੇ ਜੋ ਲੋਕਾਂ ਨੂੰ ਵਾਤਾਵਰਨ ਤੇ ਪਾਣੀਆਂ ਦੀ ਸਵੱਛਤਾ ਲਈ ਜਾਗਰੂਕ ਕਰਨਗੇ।

ਉਨ੍ਹਾਂ ਦੱਸਿਆ ਕਿ ਇਸ ਟਾਸਕ ਫੋਰਸ ਦੇ ਮੁਖੀ ਨਾਮਧਾਰੀ ਸੰਪਰਦਾ ਦੇ ਸਤਿਗੁਰੂ ਉਦੇ ਸਿੰਘ ਹਨ, ਜਿਨ੍ਹਾਂ ਨੇ ਦਸੰਬਰ ਮਹੀਨੇ ਵਿੱਚ ਬੁੱਢੇ ਨਾਲੇ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਸੀ। ਇਹ ਸਫ਼ਾਈ ਹੁਣ ਵੀ ਜਾਰੀ ਹੈ।

**16 ਜਨਵਰੀ-ਅੱਜ ਸਤਿਗੁਰੂ ਉਦੇ ਸਿੰਘ ਜੀ ਦੀ ਸਰਪ੍ਰਸਤੀ ਹੇਠ ਟਾਸਕ ਫੋਰਸ ਦੀ ਮੀਟਿੰਗ**- ਕਿਸਾਨ ਭਵਨ ਚੰਡੀਗੜ੍ਹ ਵਿਖੇ ਹੋਈ। ਇਹ ਮੀਟਿੰਗ ਟਾਸਕ ਫੋਰਸ ਦੇ ਗਠਨ ਤੋਂ ਬਾਅਦ ਪਹਿਲੀ ਮੀਟਿੰਗ ਸੀ। ਇਸ ਵਿੱਚ ਸ. ਕਾਹਨ ਸਿੰਘ ਪੰਨੂੰ, Dc Ludhiana, commissioner, Mayor ldh, pollution controls officer ldh, irrigation

department, peda officers ਤੋਂ ਇਲਾਵਾ ਸੂਬਾ ਹਰਭਜਨ ਸਿੰਘ, ਜਸਵੰਤ ਜ਼ਫ਼ਰ, ਅਮਰਜੀਤ ਸਿੰਘ ਭੁਰਜੀ ਤੇ ਸਟੇਅਰਿੰਗ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਲਾਇਲ ਮੋਜੂਦ ਸਨ। ਇਸ ਮੀਟਿੰਗ ਵਿੱਚ ਬੁੱਢੇ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਰਕਾਰੀ ਤੌਰ ਤੇ ਨਵੀਆ ਪਾਲਸੀਆਂ ਬਨਾਉਣ ਲਈ ਨਿਰਦੇਸ਼ ਦਿੱਤੇ ਗਏ। ਪਰਦੂਸ਼ਨ ਬੋਰਡ ਆਉਣ ਵਾਲੇ ਦਿਨਾਂ ਵਿੱਚ ਦਰਿਆ ਵਿਚ ਗੋਬਰ ਸੁਟਣ ਵਾਲਿਆਂ ਤੇ ਸਖਤੀ ਕਰੇਗਾ। ਕੂੜਾ ਆਦਿ ਸੁੱਟਣ ਵਾਲਿਆਂ ਤੇ ਕੇਸ ਦਰਜ ਹੋਣਗੇ ਤੇ ਲੋਕਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਆਪਣੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ। ਸਭ ਤੋਂ ਵਡੀ ਸਮੱਸਿਆ ਸਰਕਾਰ ਕੋਲ ਬਜਟ ਦੀ ਕਮੀ ਵੀ ਹੈ। ਕਾਰਪੋਰੇਸ਼ਨ ਮੇਅਰ ਨੇ ਤਨਖਾਹਾਂ ਤੱਕ ਦੇ ਵੀ ਪੈਸੇ ਨਾ ਹੋਣ ਦਾ ਰੋਣਾ ਰੋਇਆ। ਪਰ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਵੀ ਸਤਿਗੁਰੂ ਉਦੇ ਸਿੰਘ ਜੀ ਨੇ ਆਸ਼ਾ ਕੀਤੀ ਕਿ ਇਸ ਚੰਗੇ ਕੰਮ ਲਈ ਪੰਜਾਬ ਦੇ ਲੋਕ ਸਾਥ ਜਰੂਰ ਦੇਣਗੇ ਤੇ ਸਰਕਾਰੀ ਤੰਤਰ ਇਸ ਨੂੰ ਅਮਲ ਵਿੱਚ ਲਿਆਉਣ ਲਈ ਸੰਜੀਦਗੀ ਨਾਲ ਉਪਰਾਲੇ ਕਰੇਗਾ। ਨਾਮਧਾਰੀ ਸੰਗਤ ਵੱਲੋਂ ਗਾਰ ਕੱਢਣ ਦਾ ਕੰਮ ਕੁਝ ਦਿਨਾ ਲਈ ਰੋਕ, ਦਰਿਆ ਵਿੱਚੋਂ ਲਿਫਾਫੇ, ਬੋਤਲਾਂ, ਪਲਾਸਟਿਕ ਆਦਿ ਕੂੜਾ ਚੁੱਕਿਆ ਜਾਵੇਗਾ।

**-ਸੁਖਵਿੰਦਰ ਸਿੰਘ ਨਾਮਧਾਰੀ**
**ਲੁਧਿਆਣਾ**

---

## ਹਰਿਵੱਲਭ ਸੰਗੀਤ ਦੇ 143 ਸਾਲਾ ਇਤਿਹਾਸ ਨੂੰ ਦਰਸਾਉਂਦੀ ਪੁਸਤਕ ਲੋਕ ਅਰਪਣ

ਹਰਿਵੱਲਭ ਸੰਗੀਤ ਸੰਮੇਲਨ ਦੇ 143 ਸਾਲਾ ਇਤਿਹਾਸ ਨਾਲ ਸ਼ਿੰਗਾਰੀ ਪੁਸਤਕ 'ਹਰਿਵੱਲਭ ਏ ਰਿਚ ਟ੍ਰਡੀਸ਼ਨ ਆਫ ਮਿਊਜ਼ੀਕਲ ਜੀਨੀਅਸਿਸ' ਅੱਜ ਰਾਮਗੜ੍ਹੀਆ ਗਰਲਜ਼ ਕਾਲਜ ਵਿੱਚ ਲੋਕ ਅਰਪਣ ਕੀਤੀ ਗਈ।

ਮੁੱਖ ਮਹਿਮਾਨ ਵਜੋਂ ਨਾਮਧਾਰੀ ਸੰਪਰਦਾ ਦੇ ਸਤਿਗੁਰੂ ਉਦੇ ਸਿੰਘ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਮਹਿਮਾਨਾਂ ਵਜੋਂ ਪਦਮ ਸ੍ਰੀ ਡਾ. ਸਰਦਾਰਾ ਸਿੰਘ ਜੌਹਲ, ਪ੍ਰੋ. ਕਰਤਾਰ ਸਿੰਘ, ਲੇਖਕ ਰਾਕੇਸ਼ ਦਾਦਾ, ਪ੍ਰੋ. ਗੁਰਭਜਨ ਗਿੱਲ, ਭੁਪਿੰਦਰ ਸਿੰਘ ਮੱਲੀ, ਡਾ. ਨਰਿੰਦਰ ਸੰਧੂ ਹਾਜ਼ਰ ਹੋਏ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਣਜੋਧ ਸਿੰਘ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਪਤਵੰਤੇ ਸੱਜਣਾਂ ਨੂੰ'ਜੀ ਆਇਆਂ' ਕਿਹਾ।

ਸਤਿਗੁਰੂ ਉਦੇ ਸਿੰਘ ਨੇ ਇਸ ਪੁਸਤਕ ਨੂੰ 'ਸੰਗੀਤ ਦੇ ਖੇਤਰ 'ਚ ਖੋਜਾਂ ਕਰਨ ਵਾਲੇ ਨੌਜਵਾਨਾਂ ਅਤੇ ਸੰਗੀਤ ਪ੍ਰੇਮੀਆਂ ਲਈ ਇੱਕ ਵਡਮੁੱਲਾ ਖਜ਼ਾਨਾ ਦੱਸਿਆ' ਪੁਸਤਕ ਦੇ ਲੇਖਕ ਰਾਕੇਸ਼ ਦਾਦਾ ਨੇ ਦੱਸਿਆ ਕਿ 400 ਦੇ ਕਰੀਬ ਸਫ਼ਿਆਂ ਵਾਲੀ ਇਸ ਪੁਸਤਕ ਵਿੱਚ 1875 ਤੋਂ ਲੈ ਕੇ ਹੁਣ ਤੱਕ ਹੋਏ ਹਰਿਵੱਲਭ ਸੰਗੀਤ ਸੰਮੇਲਨਾਂ ਵਿੱਚ ਆਉਣ ਵਾਲੇ ਮਸ਼ਹੂਰ ਗਾਇਕਾਂ ਅਤੇ ਉਨਾਂ ਵੱਲੋਂ ਕਿਸ ਰਾਗ ਵਿੱਚ ਗਾਇਆ ਉਹਨਾਂ ਕਿਹਾ ਕਿ ਰਾਕੇਸ਼ ਦਾਦਾ ਜੀ ਤੁਸੀਂ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ।

ਜੋ ਤੁਸੀਂ ਹਰਿਵੱਲਭ ਸੰਗੀਤ ਸੰਮੇਲਨਾਂ ਦੇ 143 ਸਾਲਾਂ ਦੇ ਇਤਿਹਾਸ ਨੂੰ ਸੰਭਾਲਿਆ ਹੈ। ਬਹੁਤ ਸਾਰੇ ਪੰਜਾਬ ਦੇ ਵੱਡੇ ਕਲਾਕਾਰ ਜਿਹੜੇ ਪੰਜਾਬੀ ਦੀ ਧਰਤੀ ਦੇ ਹੋਏ ਹਨ, ਪਰ ਜਿੰਨਾਂ ਦਾ ਨਾਂ ਅੱਜ-ਕੱਲ੍ਹ ਦੇ ਸਿਖਿਆਰਥੀਆਂ ਨੂੰ ਬਹੁਤ ਘੱਟ ਪਤਾ ਹੈ ਤੁਸੀਂ ਉਹਨਾਂ ਨੂੰ ਅੱਗੇ ਲੈ ਕੇ ਆਏ ਹੋ। ਗਰੂ ਜੀ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਵਿੱਚ ਸੰਗੀਤ ਨੂੰ ਸੰਭਾਲਣ ਦੀ ਜਿਹੜੀ ਗੱਲ ਨਾਮਧਾਰੀਆਂ ਤੇ ਆਉਂਦੀ ਹੈ। ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਬਖਸ਼ਿਸ਼ ਹੈ। ਜਿੰਨ੍ਹਾਂ ਨੇ ਬਹੁਤ ਮਿਹਨਤ ਕਰਕੇ ਪੰਜਾਬ ਤੇ ਬਾਕੀ ਭਾਰਤ ਦੇ ਸਾਸ਼ਤ੍ਰੀ ਸੰਗੀਤ ਨੂੰ ਸੰਭਾਲਿਆ।

ਸਤਿਗੁਰੂ ਜੀ ਨੇ ਕਿਹਾ ਕਿ ਸਭ ਕੁਝ ਹੀ ਸੁਰ, ਤਾਲ ਦੇ ਵਿੱਚ ਹੈ। ਗੁਰੂ ਜੀ ਨੇ ਇਹ ਵੀ ਫੁਰਮਾਇਆ ਕਿ ਚੰਗਾ ਸੰਗੀਤ ਸੁਣੋਗੇ ਤਾਂ ਤੁਹਾਡੀ ਸੋਚ ਵੀ ਚੰਗੀ ਹੋਵੇਗੀ। ਬਾਰੇ ਛਾਪਿਆ ਗਿਆ ਹੈ। ਪੁਰਾਣੇ ਗਾਇਕਾਂ ਦੇ ਹਸਤਾਖਰ, ਉਨ੍ਹਾਂ ਦੀਆਂ ਲਾਈਵ ਤਸਵੀਰਾਂ, ਅਖਬਾਰਾਂ ਦੀਆਂ ਖਬਰਾਂ, ਹੱਥ ਲਿਖਤਾਂ ਪ੍ਰਿੰਟ ਕਰਨ ਦੇ ਨਾਲ ਨਾਲ ਤਸਵੀਰਾਂ ਸਹਿਤ ਸਾਜ਼ਾਂ ਸਬੰਧੀ ਵਿਸਥਾਰਤ ਜਾਣਕਾਰੀ ਵੀ ਇਸ ਪੁਸਤਕ ਦੀ ਅਹਿਮੀਅਤ ਨੂੰ ਹੋਰ ਵਧਾ ਦਿੰਦੀ ਹੈ।

ਪੁਸਤਕ ਦਾ ਡਿਜ਼ਾਇਨ ਤਿਆਰ ਕਰਨ ਵਾਲੇ ਰਣਜੋਧ ਸਿੰਘ ਨੇ ਕਿਹਾ ਕਿ ਸੰਗੀਤ ਦੇ ਅਮੀਰ ਸੱਭਿਆਚਾਰ ਦੀ ਇਹ ਲਿਖਤ ਆਉਣ ਵਾਲੀਆਂ ਪੀੜ੍ਹੀਆਂ ਲਈ ਅਗਵਾਈ ਦਾ ਸ੍ਰੋਤ ਬਣੇਗੀ। ਪ੍ਰੋ. ਗਿੱਲ ਨੇ ਇਸ ਪੁਸਤਕ ਨੂੰ ਗਿਆਨ ਇਸ਼ਨਾਨ, ਵਿਸ਼ਵ ਸਭਿਆਚਾਰ ਦਾ ਭੰਗੂੜਾ ਦੱਸਿਆ। ਸਮਾਗਮ ਦੇ ਅਖੀਰ ਵਿੱਚ ਕਾਲਜ ਦੇ ਸੰਗੀਤ ਵਿਭਾਗ ਦੀ ਮੁਖੀ ਪ੍ਰੋ. ਚਰਨਜੀਤ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

---

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇੱਕ ਦਿਨਾ ਦੋਰਾ ਇਲਾਕਾ ਜੀਵਨ ਨਗਰ ਅਤੇ ਮਾਘੀ ਮੁਕਤਸਰ

ਆਪਣੇ ਸਿੱਖਾਂ ਦੀਆਂ ਅਰਜ ਬੇਨਤੀਆਂ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਰੁਝੇਵਿਆਂ ਭਰੇ ਸਮੇ ਵਿਚੋ ਸਮਾਂ ਕੱਢਦੇ ਹੋਏ ਉਹਨਾਂ ਦੇ ਘਰੀਂ-ਘਰੀਂ ਜਾ ਕੇ ਨਿਵਾਜਦੇ ਹਨ। ਹਰ ਸਿੱਖ ਦੀ ਦਿਲੀ ਭਾਵਨਾ ਵੀ ਅਜਿਹੀ ਹੋਣੀ ਚਾਹੀਦੀ ਹੈ ਕਿ ਉਹਨਾਂ ਦੇ ਪਰਿਵਾਰਾਂ ਵਿਚ ਹੋਣ ਵਾਲਾ ਹਰ ਸਮਾਗਮ ਸ੍ਰੀ ਸਤਿਗੁਰੂ ਜੀ ਦੀ ਨਜਰੇ ਮਨਜ਼ੂਰ ਹੋਵੇ। ਇਸ ਕਰਕੇ ਸ੍ਰੀ ਸਤਿਗੁਰੂ ਜੀ ਗੁਰਸਿੱਖੀ ਦੇ ਇਸ ਨਾਤੇ ਨੂੰ ਹੋਰ ਮਜਬੂਤੀ ਬਖਸ਼ਦੇ ਹੋਏ ਨਾਮਧਾਰੀ ਪਰਿਵਾਰਾਂ ਦੇ ਇਹਨਾਂ ਸਮਾਗਮਾਂ ਵਿਚ ਦਰਸ਼ਨ ਦੇ ਕੇ ਗੁਰਸਿੱਖਾਂ ਦਾ ਮਾਨ ਵਧਾਉਦੇ ਹਨ। ਪਿਛਲੇ ਦਿਨੀਂ 13 ਜਨਵਰੀ 2019 ਦਿਨ ਐਤਵਾਰ 29 ਪੋਹ 2075 ਬਿਕਰਮੀ ਮੁਤਾਬਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਬਾਅਦ ਦੁਪਿਹਰ 4 ਵੱਜ ਕੇ 20 ਮਿੰਟ ਤੇ ਚੱਲ ਕੇ ਸ਼ਾਮ ਹਨੇਰਾ ਹੋਣ ਤੱਕ ਲੱਗਭਗ 8.30 ਤੇ ਸ੍ਰੀ ਮਸਤਾਨਗੜ ਆਣ ਰਾਤ ਵਿਸ਼ਰਾਮ ਕੀਤਾ।

**14 ਜਨਵਰੀ 2019 ਮੁਤਾਬਿਕ 1 ਮਾਘ 2075 ਬਿਕਰਮੀ ਦਿਨ ਸੋਮਵਾਰ–** ਸ੍ਰੀ ਸਤਿਗੁਰੂ ਜੀ ਵੱਲੋਂ ਦਿੱਤੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਉਸਾਰੇ ਗਏ ਅਤੀ ਸੁੰਦਰ ਕਮਿਊਨਿਟੀ ਹਾਲ ਵਿੱਚ 5 ਵਜੇ ਤੋਂ ਲੈ ਕੇ 7 ਵਜੇ ਤੱਕ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਿਨਾਮ ਸਿੰਘ ਨੇ ਮਿਲ ਕੇ ਕੀਤਾ। ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰੇ ਅਤੇ ਸਤਿਕਾਰੇ ਸਿੱਖ ਸੰਤ ਦਿਆਲ ਸਿੰਘ ਮੁਠੱਡਾ ਨਮਿੱਤ ਭੋਗ ਵੀ ਇਥੇ ਮੰਦਰ ਵਿੱਚ ਪਾਇਆ ਗਿਆ। ਸੰਤ ਦਿਆਲ ਸਿੰਘ ਦੇ ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਸੰਤਾਂ ਦਾ ਭੋਗ ਸਵੇਰੇ ਆਸਾ ਦੀ ਵਾਰ ਵਿੱਚ ਪਾਉਣ ਲਈ ਸਤਿ ਬਚਨ ਕਰ ਹੁਕਮ ਮੰਨਿਆ। ਭੋਗ ਸਮੇ ਸੰਗਤ ਕਾਫੀ ਵੱਡੀ ਗਿਣਤੀ ਵਿੱਚ ਹਾਜ਼ਰ ਸੀ। ਭੋਗ ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੰਤ ਦਿਆਲ ਸਿੰਘ ਮੁਠੱਡਾ ਬਾਰੇ ਆਪਣੇ ਪਵਿੱਤਰ ਉਪਦੇਸ਼ ਵਿੱਚ ਜਿਕਰ ਕੀਤਾ ਕਿ " ਸੰਤ ਦਿਆਲ ਸਿੰਘ ਵਰਗੇ ਸਾਧ ਦਾ ਦਿਲੋਂ ਸਤਿਕਾਰ ਕਰਦਾ ਹਾਂ ਕਿਉਕਿ ਉਸਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹਰ ਹੁਕਮ ਖਿੜੇ ਮੱਥੇ ਮੰਨਿਆ ਹੈ।"

ਉਪਰੰਤ ਵਾਪਸ ਮਸਤਾਨਗੜ ਆਣ ਪ੍ਰਸ਼ਾਦਾ ਪਾਣੀ ਛਕਿਆ ਅਤੇ ਇਥੋ ਚੱਲਕੇ ਪਿੰਡ ਹਾਰਨੀਆਂ ਨਿੰਮ ਵਾਲੀ ਟਾਣੀ ਸਰਦਾਰ ਹਰਦਿਆਲ ਸਿੰਘ ਦੇ ਚੜਾਈ ਕਰ ਜਾਣ ਕਰਕੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਘਰ ਚਰਨ ਪਾ ਕਿ ਕੀਤੀ। ਇੱਥੋਂ ਹੀ ਚੱਲ ਕੇ ਡੱਬਵਾਲੀ ਦੇ ਨੇੜੇ ਪਿੰਡ ਮਸੀਤਾਂ ਜਿਥੇ ਗੁਰੂ ਘਰੇ ਸੇਵਾਦਾਰ ਰਹੇ ਸਰਦਾਰ ਮੱਘਰ ਸਿੰਘ ਦੇ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮੰਚ ਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਦੀਵਾਨ ਸਜਾ ਰਹੇ ਸਨ। ਵਿਸ਼ਾਲ ਅਤੇ ਖੁੱਲਾ ਪੰਡਾਲ ਸੰਗਤ ਨਾਲ ਭਰਭੂਰ ਸੀ। ਦੀਵਾਨ ਸਮਾਪਤੀ ਤੋਂ ਬਾਅਦ ਸਰਦਾਰ ਸਵਰਨ ਸਿੰਘ ਵਿਰਕ ਜੀ ਨੇ ਸਰਦਾਰ ਮੱਘਰ ਸਿੰਘ ਦੀ ਗੁਰੂ ਘਰ ਵਿੱਚ ਕੀਤੀ ਸੇਵਾ ਅਤੇ ਗੁਰੂ ਚਰਨਾਂ ਨਾਲ ਨਿਭੀ ਪ੍ਰੀਤ ਬਾਰੇ ਚਾਨਣਾ ਪਾਇਆ। ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਕਰ ਕਮਲਾਂ ਨਾਲ ਸ. ਮੱਘਰ ਸਿੰਘ ਦੇ ਵੱਡੇ ਸਪੁੱਤਰ ਭੱਲਾ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਭੋਗ ਸਮੇ ਡਾ. ਕੇ.ਵੀ ਸਿੰਘ O.S.D ਸਾਬਕਾ ਮੁੱਖ ਮੰਤਰੀ ਹਰਿਆਣਾ ਵੀ ਹਾਜ਼ਰ ਸਨ। ਇੱਥੋਂ ਹੀ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆ ਦਾ ਕਾਫਲਾ ਜਿਲਾ ਮੁਕਤਸਰ ਦੇ ਪਿੰਡ ਚੱਕ ਦੂਹੇਵਾਲ ਵੱਲ ਰਵਾਨਾ ਹੋ ਤੁਰਿਆ। ਜਿਥੇ ਅੱਜ ਮਾਘੀ ਦੇ ਦਿਨ ਤੇ 40 ਮੁਕਤਿਆਂ ਦੀ ਯਾਦ ਵਿੱਚ ਨਗਰ ਨਿਵਾਸੀ ਚੱਕ ਦੂਹੇਵਾਲ ਅਤੇ ਇਲਾਕੇ ਦੀ ਸਾਧ ਸੰਗਤ ਵੱਲੋਂ ਸੇਵਾ ਕੀਤੀ ਜਾ ਰਹੀ ਸੀ। ਵਾਇਆ ਡੱਬਵਾਲੀ, ਮਲੋਟ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ 12.15 ਤੇ ਪਿੰਡ ਦੂਹੇਵਾਲ ਮੇਲੇ ਵਿਚ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਸਾਧ ਸੰਗਤ ਵੱਲੋ ਫੁੱਲ ਮਾਲਾਵਾਂ ਭੇਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਸੂਬਾ ਸਰਬਜੀਤ ਸਿੰਘ, ਗੁਰਭੇਜ ਸਿੰਘ ਅਤੇ ਸੈਕਟਰੀ ਗੁਰਦੇਵ ਸਿੰਘ ਦੀ ਅਗਵਾਈ ਵਿਚ ਨਗਰ ਦੇ ਨੌਜਵਾਨ ਬੜੇ ਹੀ ਉਤਸ਼ਾਹ ਨਾਲ ਸੇਵਾ ਕਰ ਰਹੇ ਸਨ। ਪੰਡਾਲ ਵਿੱਚ ਪੰਡਿਤ ਹਰਭਜਨ ਸਿੰਘ ਝੱਲਾਂ ਵਾਲੇ ਕਥਾ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਸਟੇਜ ਤੇ ਆਪਣੇ ਆਸਣ ਤੇ ਸੁਭਾਇਮਾਨ ਸਨ। ਸਭ ਸੰਗਤ ਵਾਰੀ-ਵਾਰੀ ਆਪਣੀ ਕਤਾਰ ਵਿੱਚ ਆਣ ਕੇ ਭੇਟਾ ਧਰ ਨਮਸਕਾਰ ਕਰ ਰਹੇ ਸੀ। ਪੰਡਿਤ ਜੀ ਦੀ ਕਥਾ ਸਮਾਪਤੀ ਤੋਂ ਬਾਅਦ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਨਾਮਧਾਰੀ ਸ਼ੈਲੀ ਵਿੱਚ ਲਾਇਆ। ਜਥੇਦਾਰ ਜੀ ਨੇ 40 ਮੁਕਤਿਆਂ ਤੇ ਕਿਸ ਤਰਾਂ ਗੁਰੂ ਕਲਗੀਧਰ ਪਾਤਸ਼ਾਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਕਿਰਪਾ ਕੀਤੀ ਦਾ ਪ੍ਰਸੰਗ ਵਿਸਥਾਰ ਪੂਰਵਕ ਸਾਧ ਸੰਗਤ ਸਾਹਮਣੇ ਪੇਸ਼ ਕੀਤਾ। ਦੀਵਾਨ ਸਮਾਪਤੀ ਤੋਂ ਬਾਅਦ ਸੂਬਾ ਗੁਰਚਰਨ ਸਿੰਘ ਫਾਜ਼ਿਲਕਾ ਦੀ ਪੁੱਤਰੀ ਛੋਟੀ ਬੱਚੀ ਨਿਹਾਲ ਕੌਰ ਅਤੇ ਡਾ. ਪੁਸਪਿੰਦਰ ਸਿੰਘ ਕੂਕਾ ਦੀ ਛੋਟੀ ਬੱਚੀ ਨੇ ਕਵਿਤਾਵਾਂ ਪੇਸ ਕੀਤੀਆਂ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਸਾਧ ਸੰਗਤ

ਨੂੰ ਮਾਸ ਸ਼ਰਾਬ ਦਾ ਤਿਆਗ ਕਰਕੇ ਗੁਰ ਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਉਪਰੰਤ ਪਵਿੱਤਰ ਗੁਰਬਾਣੀ ਦੇ ਦੋ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਤੇ 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ। ਇਲਾਕੇ ਦੀ ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿੱਚ ਹਾਜ਼ਰ ਸੀ ਸਭਨਾਂ ਨੇ ਸ੍ਰੀ ਭੈਣੀ ਸਾਹਿਬ ਤੋਂ ਗਈ ਤਸਵੀਰਾਂ ਦੀ ਪਰਦਰਸ਼ਨੀ ਨੂੰ ਬੜੇ ਧਿਆਨ ਨਾਲ ਵੇਖਿਆ ਜਿਸ ਵਿੱਚ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਤਸਵੀਰਾਂ ਸਨ। ਇਸ ਮੇਲੇ ਵਿੱਚ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਨੌਜਵਾਨਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ ਸਭਨਾਂ ਨੇ ਤਨ-ਮਨ ਅਤੇ ਧਨ ਨਾਲ ਵੱਧ-ਚੜ ਕੇ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਦਾ ਗੱਡੀਆਂ ਦਾ ਕਾਫਲਾ ਦੌਰਾ ਸਮਾਪਤ ਕਰਕੇ ਵਾਪਸੀ ਆਪਣੀ ਮੰਜਿਲ ਵੱਲ ਵਧਿਆ ਅਤੇ 5:30 ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਆਣ ਪਹੁਚਿਆ।

**– ਸੂਬਾ ਬਲਵਿੰਦਰ ਸਿੰਘ ਝੱਲ**

---

## ਪਿੰਡ ਰੜ ਦੇ ਸ਼ਹੀਦਾਂ ਦੀ ਯਾਦ ਵਿਚ ਮੇਲਾ ਸ੍ਰੀ ਭੈਣੀ ਸਾਹਿਬ–

ਹਰ ਸਾਲ ਦੀ ਤਰਾਂ ਇਸ ਸਾਲ ਵੀ ਰੜ ਪਿੰਡ ਦੇ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਮੇਲਾ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਸੰਤ ਹਰਬੰਸ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਕੀਤਾ। ਉਹਨਾਂ ਨੇ ਸ਼ਹੀਦਾਂ ਦੀ ਯਾਦ ਵਿੱਚ ਸ਼ਬਦ ਗਾਇਨ ਕੀਤੇ। ਦੁਪਿਹਰ ਵੇਲੇ ਜਥੇਦਾਰ ਹਰਪਾਲ ਸਿੰਘ ਯੂਪੀ ਵਾਲਿਆਂ ਨੇ ਹੱਲੇ ਦਾ ਦੀਵਾਨ ਸਜਾਇਆ। ਉਹਨਾਂ ਨੇ ਸ਼ਹੀਦਾਂ ਦੀ ਜੀਵਨੀ ਤੇ ਚਾਨਣਾ ਪਾਇਆ। ਯਾਦ ਰਹੇ ਕਿ ਪਿੰਡ ਰੜ ਦੇ 6 ਸ਼ਿੰਘ ਸ਼ਹੀਦ ਹੋਏ। ਇਹ ਸ਼ਹੀਦ ਸਿੰਘ ਸ਼ਹੀਦ ਸੱਦਾ ਸਿੰਘ, ਹਰਨਾਮ ਸਿੰਘ, ਬਿਸ਼ਨ ਸਿੰਘ, ਹੀਰਾ ਸਿੰਘ, ਨਰਾਇਣ ਸਿੰਘ ਤੇ ਗੁਰਦਿੱਤ ਸਿੰਘ। ਇਹ ਸਾਰੇ ਸਿੰਘ ਮਲੇਰਕੋਟਲੇ ਦੇ ਸਾਕੇ ਵਿਚ ਸ਼ਾਮਲ ਸਨ ਜਿਹਨਾਂ ਨੇ ਬੁੱਚੜਾਂ ਨੂੰ ਮਾਰ ਮੁਕਾਇਆ ਤੇ ਗਊਆਂ ਨੂੰ ਆਜ਼ਾਦ ਕਰਵਾਇਆ। ਇਹਨਾਂ ਸ਼ਹੀਦਾਂ ਨੇ ਆਪਣੀਆਂ ਜਾਨਾਂ ਦੇਸ਼ ਦੀ ਆਜ਼ਾਦੀ ਦੀ ਖਾਤਰ ਕੁਰਬਾਨ ਕਰ ਦਿੱਤੀਆਂ। ਇਹਨਾਂ ਸ਼ਹੀਦਾਂ ਦੀ ਯਾਦ ਵਿਚ ਸਦਾ ਹੀ ਮੇਲੇ ਲਗਦੇ ਰਹਿਣਗੇ ਤੇ ਆਉਣ ਵਾਲੀ ਪੀੜੀ ਇਹਨਾਂ ਸ਼ਹੀਦਾਂ ਤੋਂ ਪ੍ਰੇਰਨਾ ਲੈਂਦੀ ਰਹੇਗੀ। ਦੁਪਿਹਰ ਵੇਲੇ ਇਕ ਘੰਟਾ ਨਿਤਨੇਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਇਸ ਸਮੇਂ 6 ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਇਹ ਮੇਲਾ ਸੰਤ ਲਾਲ ਸਿੰਘ ਸੰਤ ਸੁਰਜੀਤ ਸਿੰਘ ਜੀ ਦੇ ਸਮੇਤ ਪਰਿਵਾਰ ਵੱਲੋਂ ਕੀਤਾ ਗਿਆ। 3 ਪਾਠ ਸ਼ਹੀਦਾਂ ਦੀ ਯਾਦ ਵਿੱਚ, 2 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 1 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ, ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਤਰਾਂ ਸ਼ਹੀਦਾਂ ਦੀ ਯਾਦ ਵਿੱਚ ਮੇਲਾ ਸਰਧਾ ਤੇ ਪਿਆਰ ਨਾਲ ਮਨਾਇਆ ਗਿਆ।

**–ਗੁਰਦੇਵ ਸਿੰਘ ਚੀਮਾ**

---

## ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ

ਸ੍ਰੀ ਭੈਣੀ ਸਾਹਿਬ 13 ਜਨਵਰੀ –ਸਾਹਿਬੇ ਕਮਾਲ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਪਿਆਰ ਨਾਲ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਗਿਆ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਕੀਤਾ। ਉਪਰੰਤ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਸ਼ਬਦ ਗਾਇਨ ਕੀਤੇ।

ਵਾਰ ਦੇ ਭੋਗ ਤੋਂ ਬਾਦ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਵੀਸ਼ਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ । ਕਵੀਸ਼ਰ ਜੀ ਨੇ ਆਪਣੇ ਸਮੇਂ ਵਿਚ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਕੌਤਕਾਂ ਦਾ ਵਰਨਣ ਕੀਤਾ। ਦੁਪਿਹਰ ਵੇਲੇ ਜਥੇ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦਾ ਦਿਵਾਨ ਸਜਾਇਆ ਉਪਰੰਤ ਨਾਮ-ਸਿਮਰਨ ਹੋਇਆ।

**ਪਾਠਾਂ ਦੇ ਭੋਗ–** ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਚਾਰ ਪਾਠਾਂ ਦੇ ਭੋਗ ਵੀ ਪਾਏ ਗਏ।

1 – 1 ਪਾਠ ਦਾ ਭੋਗ ਸੰਤ ਨਿਰਮਲ ਸਿੰਘ ਦੇ ਨਮਿਤ

2– 1 ਪਾਠ ਦਾ ਭੋਗ ਪੰਚਮ ਜੀ ਦੇ ਨਮਿਤ

3– 1 ਪਾਠ ਦਾ ਭੋਗ ਸੰਤ ਭਗਵਾਨ ਸ਼ਿੰਘ ਜੀ ਦੀ ਯਾਦ ਵਿੱਚ

4– 1 ਪਾਠ ਦਾ ਭੋਗ ਬੀਬੀ ਹਰਵਿੰਦਰ ਕੌਰ ਮੰਡੀ ਨਮਿਤ

ਉਪਰੰਤ ਹਜ਼ੂਰੀ ਰਾਗੀ ਸਿੰਘਾਂ ਕੀਰਤਨ ਵਲੋਂ ਕੀਤਾ ਗਿਆ। ਫਿਰ ਅਰਦਾਸ ਦੇ ਨਾਲ ਹੀ ਸਮਾਪਤੀ ਕੀਤੀ ਗਈ।

**–ਗੁਰਦੇਵ ਸਿੰਘ ਚੀਮਾਂ**

## ਕੰਨਿਆ ਦੀ ਲੋੜ

ਲੜਕਾ, ਉਮਰ- 32 ਸਾਲ, ਕੱਦ-5 ਫੁੱਟ 6 ਇੰਚ,
ਕਿੱਤਾ-ਇਲੈਕਟ੍ਰੀਸ਼ਨ (ਆਪਣਾ ਕੰਮ)
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9878562148

ਲੜਕਾ, ਉਮਰ- 28 ਸਾਲ, ਕੱਦ-5 ਫੁੱਟ 10 ਇੰਚ
ਪੜ੍ਹਾਈ- ਐਮ ਟੈਕ, ਕਿੱਤਾ- ਪ੍ਰੋਫੈਸਰ (ਚੰਡੀਗੜ੍ਹ ਯੂਨੀਵਰਸਿਟੀ)
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9988443001, 01614646343

ਲੜਕਾ, ਉਮਰ-29 ਸਾਲ, ਕੱਦ- 5 ਫੁੱਟ 7 ਇੰਚ
ਪੜ੍ਹਾਈ- +2, ਕਿੱਤਾ- ਹੋਜਰੀ ਦਾ ਬਿਜਨਸ
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 8968609572, 9815908493

ਲੜਕਾ, ਉਮਰ- 31 ਸਾਲ, ਕੱਦ- 5 ਫੁੱਟ 5 ਇੰਚ
ਬੀ. ਐੱਸ ਸੀ. ਕੰਪਿਊਟਰ, ਡਿਪਲੋਮਾ ਡਿਜੀਟਲ ਇਲੈਕਟ.
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9910000470, 9910100111

ਲੜਕਾ, ਉਮਰ- 27 ਸਾਲ, ਕੱਦ- 5 ਫੁੱਟ 8 ਇੰਚ
ਯੋਗਤਾ- +2 ਡਿਪਲੋਮਾ Mechenical, ਬਿਜਨੇਸ- ਫੈਕਟਰੀ
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9878139398

ਲੜਕਾ, ਉਮਰ- 29 ਸਾਲ, ਕੱਦ- 6 ਫੁੱਟ
ਯੋਗਤਾ- Master in Computer Science
ਕਿਤਾ- working as Software Developer
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9415752772

ਲੜਕਾ, ਉਮਰ- 25 ਸਾਲ, ਕੱਦ- 5 ਫੁੱਟ 8 ਇੰਚ
ਕਿੱਤਾ= ਖੇਤੀਬਾੜੀ, ਪੜ੍ਹਾਈ- B.A. Computer Diploma
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 6239864645, 7526820844

ਲੜਕਾ, ਉਮਰ- 26 ਸਾਲ, ਕੱਦ- 5 ਫੁੱਟ 7 ਇੰਚ,
ਪੜ੍ਹਾਈ= B. A., ਕਿੱਤਾ- ਖੇਤੀਬਾੜੀ
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9876854441, 9041178915

ਲੜਕਾ, ਉਮਰ- 27 ਸਾਲ, ਕੱਦ- 5 ਫੁੱਟ 9 ਇੰਚ
ਪੜ੍ਹਾਈ= B. A., ਕਿੱਤਾ= ਬਿਜਲੀ ਬੋਰਡ ਵਿਚ ਨੌਕਰੀ
ਗੁਰਸਿੱਖ ਲੜਕੀ ਦੀ ਜਰੂਰਤ
ਸੰਪਰਕ ਨੰ. 9416505009

ਲੜਕਾ, ਉਮਰ- 26 ਸਾਲ, ਕੱਦ- 5ਫੁੱਟ 7 ਇੰਚ
ਪੜਾਈ- ਬੀ ਏ, ਕਿੱਤਾ- ਵੈਲਡਿੰਗ ਅਪਨੀ ਦੁਕਾਨ
ਸੰਪਰਕ- +917814235057

## ਵਰ ਦੀ ਲੋੜ

ਲੜਕੀ, ਕੱਦ- 5 ਫੁੱਟ 7 ਇੰਚ, ਉਮਰ- 26 ਸਾਲ
ਪੜ੍ਹਾਈ- ਇਕਨੋਮਿਕਸ, ਮੈਥ B.ed, B.sc, ਕਿੱਤਾ-ਟੀਚਰ (ਪ੍ਰਾਈਵੇਟ)
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ ਨੰ. 9576233692, 70019-90691

ਲੜਕੀ, ਉਮਰ- 26 ਸਾਲ, ਕੱਦ- 5 ਫੁੱਟ 10 ਇੰਚ
ਪੜ੍ਹਾਈ- ਬੀ-ਟੈਕ ਇਲੈਕਟਰੀਕਲ, ਐਮ ਬੀ ਏ
ਕਿੱਤਾ = ਪੀ ਐਸ ਯੂ
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ - 7589422459

ਲੜਕੀ, ਉਮਰ- 23 ਸਾਲ, ਕੱਦ- 5 ਫੁੱਟ 2 ਇੰਚ
ਪੜ੍ਹਾਈ= M Sc.
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ ਨੰ. 9501769685

ਲੜਕੀ, ਉਮਰ- 26 ਸਾਲ, ਕੱਦ- 5 ਫੁੱਟ 3 ਇੰਚ
ਪੜ੍ਹਾਈ= M. B. A.
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ ਨੰ. 9878503673

ਲੜਕੀ, ਉਮਰ- 27 ਸਾਲ, ਕੱਦ- 5 ਫੁੱਟ 7 ਇੰਚ
ਪੜ੍ਹਾਈ- B. A., Computer Course
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ ਨੰ. 98154-65171

ਲੜਕੀ, ਉਮਰ- 25 ਸਾਲ, ਕੱਦ- 5 ਫੁੱਟ 4 ਇੰਚ
ਪੜ੍ਹਾਈ= M. B. A.
ਗੁਰਸਿੱਖ ਲੜਕੇ ਦੀ ਜਰੂਰਤ
ਸੰਪਰਕ ਨੰ. 9417397898



ਮਲੇਰਕੋਟਲਾ ਸ਼ਹੀਦੀ ਮੇਲੇ ਸਮੇਂ ਨੌਜੁਆਨ
ਲੰਗਰ ਦੀ ਸੇਵਾ ਕਰਦੇ ਹੋਏ।



ਮਲੇਰਕੋਟਲਾ ਸ਼ਹੀਦੀ ਮੇਲੇ ਸਮੇਂ
ਸਾਧ-ਸੰਗਤ ਖੰਡੇ ਦੇ ਦਰਸ਼ਨ ਕਰਦੀ ਹੋਈ।



ਸ੍ਰੀ ਸਤਿਗੁਰੂ ਜੀ ਬੁੱਢੇ ਨਾਲੇ ਦੀ ਚੱਲ ਰਹੀ
ਸਫਾਈ ਸੰਬੰਧੀ ਮੀਟਿੰਗ ਦੌਰਾਨ ਚੰਡੀਗੜ ਵਿਖੇ।



ਸ੍ਰੀ ਸਤਿਗੁਰੂ ਜੀ ਬੁੱਢੇ ਨਾਲੇ ਦੀ ਚੱਲ ਰਹੀ
ਮੁਹਿੰਮ ਦਾ ਜਾਇਜਾ ਕਰਦੇ ਹੋਏ।



ਕਾਕਾ ਬਸੰਤ ਸਿੰਘ ਸਪੁੱਤਰ ਸੂਬਾ ਬਲਵੀਰ ਸਿੰਘ ਸਰੀ,
ਬੀ.ਸੀ, ਕੈਨੇਡਾ ਦਾ ਅਨੰਦ ਕਾਰਜ ਪੁਸ਼ਪਿੰਦਰ ਕੌਰ
ਸਪੁੱਤਰੀ ਡਾ.ਲਖਵੀਰ ਸਿੰਘ, ਰਾਮਪੁਰਾ ਫੂਲ ਨਾਲ
1 ਜਨਵਰੀ 2019 ਨੂੰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ
ਵਿੱਚ ਸ੍ਰੀ ਭੈਣੀ ਸਾਹਿਬ ਹੋਇਆ।

Date of Publication:23-1-2019,
Date of Posting: 24-25 Jan.2019

RNI NO. 55658/93 Delhi Postal Regd. No. DL(W) 01/2055/18-20

ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ

# ਹੋਲਾ ਮਹੱਲਾ

ਤ੍ਰਿਬੇਣੀ ਪੁਰਬ
ਸ੍ਰੀ ਸਤਿਗੁਰੂ ਗੋਬਿੰਦ ਜੀ ਦੁਆਰਾ ਖ਼ਾਲਸਾ ਜਾਹੋ ਜਲਾਲ ਦਾ ਪ੍ਰਤੀਕ
ਹੋਲਾ-ਮਹੱਲਾ,
ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼-ਪੁਰਬ
ਸ੍ਰੀ ਸਤਿਗੁਰੂ ਉਦੇ ਸਿੰਘ ਜੀ ਛੱਤਰ ਛਾਇਆ ਹੇਠ ਮਨਾਇਆ ਜਾਵੇਗਾ।

ਸਥਾਨ: ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ (ਪੰਜਾਬ)
ਤਾਰੀਖ: 21 ਤੋਂ 24 ਮਾਰਚ 2019 ਈ. ( 8 ਤੋਂ 11 ਚੇਤਰ 2076 ਬਿ.)
ਦਿਨ: ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ

## ਮਹੱਤਵਪੂਰਨ ਪ੍ਰੋਗਰਾਮ

*ਸ੍ਰੀ ਸਤਿਗੁਰੂ ਜੀ ਦੇ ਨੂਰਾਨੀ ਦਰਸ਼ਨ
* ਆਸਾ ਦੀ ਵਾਰ * ਹੱਲੇ ਦੇ ਦੀਵਾਨ * ਨਾਮ ਸਿਮਰਨ *
ਗੁਰਬਾਣੀ ਅਧਾਰਿਤ ਕੀਰਤਨ * ਕਵੀ ਦਰਵਾਰ * ਗੁਰਸਿੱਖੀ ਪ੍ਰਚਾਰ
* ਸ੍ਰੀ ਆਦਿ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ
ਦੇ ਪਾਠਾਂ ਦੇ ਭੋਗ
* ਪਤਵੰਤੇ ਸੱਜਣਾਂ ਦਾ ਮਾਣ ਸਨਮਾਨ * ਦਾਜ ਦਹੇਜ ਰਹਿਤ ਸਮੂਹਿਕ ਅਨੰਦ ਕਾਰਜ

ਸਮੂਹ ਸਾਧ ਸੰਗਤ ਹੁੰਮ ਹੁਮਾ ਕੇ ਪੁੱਜੇ ਅਤੇ ਨਾਮ ਦੀ ਰੰਗਣ ਗੂੜ੍ਹੀ ਕਰਕੇ
ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਨੋਟ: ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਕਿਸੇ ਵੀ ਪ੍ਰੋਗਰਾਮ ਵਿੱਚ
ਤਬਦੀਲੀ ਕੀਤੀ ਹੋ ਸਕਦੀ ਹੈ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.